


ਹੱਕ ਸੱਚ ਦੀ ਆਵਾਜ਼

# ਫਤਿਹ ਟਾਈਮਜ਼

ਰੋਜ਼ਾਨਾ ਡਿਜੀਟਲ ਐਡੀਸ਼ਨ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ ।।



ਮੁੱਖ ਸੰਪਾਦਕ
ਸਰਬਜੋਤ ਸਿੰਘ ਸੰਧਾ

ਮੁੱਖ ਸੰਪਾਦਕ ਸਰਬਜੋਤ ਸਿੰਘ ਸੰਧਾ | Email- fatehtimes1699@gmail.com

ਰਜਿ ਨੰ : ਪੀ ਬੀ 22000167 | ਫਤਿਹਾਬਾਦ , ਸ਼ੁੱਕਰਵਾਰ 16 ਅਕਤੂਬਰ 2026, ਨਾਨਕਸ਼ਾਹੀ 30 ਅੱਸੂ, ਸੰਮਤ 558 | ਸਾਲ: 5, ਅੰਕ 158 , ਪੰਨੇ: 4, ਮੁੱਲ: 4 ਰੁਪਏ


## ਨਸ਼ਾ ਤਸਕਰਾਂ ਨੇ ਰਾਜਭਾਗ ਦੀ ਸ਼ਹਿ ਤੇ ਕਤਲ ਕਰ ਦਿੱਤਾ ਪਰਵਿੰਦਰ ਸਿੰਘ ਝੋਟਾ

### ਦਿੱਲੀ-ਨਾਗਪੁਰ ਤੇ ਉਸਦੇ ਦਲਾਲਾਂ ਤੋਂ ਮੁਕਤੀ ਲਈ ਗੁਰਾਂ ਦਾ ਪੰਜਾਬ ਉੱਠ ਖਲੋਤਾ- ਖਾਲੜਾ ਮਿਸ਼ਨ



### ਪਰਵਿੰਦਰ ਸਿੰਘ ਝੋਟੇ ਦੇ ਕਤਲ ਤੋਂ ਬਾਅਦ ਪੰਜਾਬ ਬੰਦ ਨੇ ਨੰਗਾ ਕਰ ਦਿੱਤਾ ਨਸ਼ਿਆਂ ਵਿਰੁੱਧ ਝੂਠਾ ਯੁੱਧ- ਖਾਲੜਾ ਮਿਸ਼ਨ

ਤਰਨ ਤਾਰਨ, 15 ਅਕਤੂਬਰ (ਫ.ਟ.ਬ) ਅੱਜ ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਤੇ ਮਨੁੱਖੀ ਅਧਿਕਾਰ ਇੰਨਸਾਫ ਸੰਘਰਸ਼ ਕਮੇਟੀ ਦੇ ਆਗੂਆਂ ਜਿਨ੍ਹਾਂ ਵਿਚ ਐਡਵੋਕੇਟ ਜਗਦੀਪ ਸਿੰਘ ਰੰਧਾਵਾ,ਸਤਵਿੰਦਰ ਸਿੰਘ ਪਲਾਸੌਰ,ਬਾਬਾ ਦਰਸ਼ਨ ਸਿੰਘ ਨੇ ਕਿਹਾ ਕਿ ਪਰਵਿੰਦਰ ਸਿੰਘ ਝੋਟਾ ਦੇ ਨਸ਼ਾਂ ਤਸਕਰਾਂ ਵੱਲੋਂ ਕੀਤੇ ਕਤਲ ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਕੇਜਰੀਵਾਲ ਤੇ ਭਗਵੰਤ ਮਾਨ ਦੁਆਰਾ ਸ਼ੁਰੂ ਕੀਤਾ ਨਸ਼ਿਆਂ ਵਿਰੁੱਧ ਝੂਠਾ ਯੁੱਧ ਬੇਨਕਾਬ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਬੰਦ ਨੇ ਝੂਠੇ ਵਿਕਾਸ ਤੇ ਝੂਠੇ ਇੰਨਸਾਫ ਦਾ ਦਿੱਲੀ-ਨਾਗਪੁਰ ਮਾਡਲ ਪੂਰੀ ਤਰ੍ਹਾ ਨੰਗਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਤੇ ਪੰਜਾਬ ਦੇ ਡੀ.ਜੀ.ਪੀ. ਤਰੁੰਤ ਅਸਤੀਫਾ ਦੇਣ ਅਤੇ ਆਪਣੀ ਹਾਰ ਕਬੂਲ ਕਰਨ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਝੂਠਾ ਯੁੱਧ ਹਾਈਕੋਰਟ ਵੱਲੋਂ ਬਣਾਈ ਐਸ.ਟੀ.ਐਫ. ਦੀਆਂ ਰਿਪੋਰਟਾਂ ਦੋਸ਼ੀ ਠਹਿਰਾਏ ਗਏ ਉਚ ਪੁਲਿਸ ਅਧਿਕਾਰੀਆਂ ਖਿਲਾਫ ਕੋਈ ਕਾਰਵਾਈ ਨਹੀਂ ਕਰ ਸਕਿਆ। ਸਗੋਂ ਜਦੋਂ ਰਾਜਜੀਤ ਵਰਗਿਆਂ ਦੀ ਪੜ੍ਹਤਾਲ ਈ.ਡੀ. ਅਧਿਕਾਰੀ ਨਿਰੰਜਨ ਸਿੰਘ ਕੋਲੋਂ ਖੋਹਕੇ ਕਿਸੇ ਹੋਰ ਚਹੇਤੇ ਨੂੰ ਦੇ ਦਿੰਦੇ ਹਨ। ਜਥੇਬੰਦੀਆਂ ਨੇ ਕਿਹਾ ਕਿ ਅਧਰਮੀ ਲੋਕ ਤੇ ਝੂਠੇ ਧਰਮੀ ਲੋਕ ਜੋ ਰਾਜਭਾਗ ‘ਤੇ ਕਾਬਜ਼ ਹਨ, ਨਾ ਨਸ਼ੇ ਖਤਮ ਕਰ ਸਕਦੇ ਹਨ ਤੇ ਨਾ ਝੂਠੇ ਮੁਕਾਬਲੇ ਖਤਮ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਦਿੱਲੀ-ਨਾਗਪੁਰ ਮਾਡਲ ਦੀ ਬੁਨਿਆਦ ਹੈ। ਜ਼ਬਰ-ਜ਼ੁਲਮ ਦਿੱਲੀ-ਨਾਗਪੁਰ ਮਾਡਲ ਦੀ ਬੁਨਿਆਦ ਹੈ। ਗੁਰਬਾਣੀ ਦੀ ਸੇਧ ਅਧਾਰਿਤ ਰਾਜ ਹੀ ਪੰਜਾਬ ਦੀ ਹੋਂਦ ਬਚਾ ਸਕਦਾ ਹੈ ਅਤੇ ਨਸ਼ਿਆਂ, ਝੂਠੇ ਮੁਕਾਬਲਿਆਂ, ਜ਼ਬਰ-ਜ਼ੁਲਮ ਤੋਂ ਮੁਕਤੀ ਦਿਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਮਹਾਂਪਾਪ ਦੀ ਪੜ੍ਹਤਾਲ ਨਿਰਪੱਖ ਤਰੀਕੇ ਨਾਲ ਹੋਣੀ ਚਾਹੀਦੀ ਹੈ ਅਤੇ ਪੰਜਾਬ ਦੇ ਰਾਜਨੀਤਿਕ ਲੋਕਾਂ ਦੀ ਇਸ ਪਾਪ ਵਿੱਚ ਮਿਲੀਭੁਗਤ ਨੰਗੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਰਾਜਨੀਤਿਕ ਲੋਕਾਂ ਤੇ ਪੁਲੀਸ ਅਧਿਕਾਰੀਆਂ, ਅਫਸਰਸ਼ਾਹੀ ਦੀਆਂ ਜਾਇਦਾਦਾਂ ਦੀ ਪੜ੍ਹਤਾਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਤੇ ਪੰਜਾਬ ਦੇ ਡੀ.ਜੀ.ਪੀ. ਤੁਰੰਤ ਅਸਤੀਫੇ ਦੇਣ।

## ਮੁਕੰਮਲ ਬੰਦ ਰਿਹਾ ਪੰਜਾਬ।

### ਸਰਬਜੋਤ ਸਿੰਘ ਸੰਧਾ

ਫਤਿਹ ਟਾਈਮਜ਼ ਸੰਪਾਦਕੀ

ਬੀਤੇ ਦਿਨ ਗੁਰਸਿੱਖ ਨੌਜਵਾਨ ਪਰਵਿੰਦਰ ਸਿੰਘ ਝੋਟਾ ਜਿਹੜਾ ਕਿ ਲੰਮੇ ਸਮੇਂ ਤੋਂ ਨਸ਼ੇ ਦੇ ਵਿਰੁੱਧ ਵਿਚ ਆਪਣੀ ਆਵਾਜ਼ ਬੁਲੰਦ ਕਰਦਾ ਆ ਰਿਹਾ ਸੀ ਦੋ ਦਿਨ ਪਹਿਲਾਂ ਉਸ ਦਾ ਕਤਲ ਕਰਕੇ ਮਾੜੇ ਅਨਸਰਾਂ ਨੇ ਉਹ ਆਵਾਜ਼ ਤਾਂ ਬੰਦ ਕਰ ਦਿੱਤੀ ਪਰ ਉਹ ਸੋਚ ਜਿਹੜੀ ਪਰਵਿੰਦਰ ਸਿੰਘ ਝੋਟਾ ਲੈ ਕੇ ਜੀ ਰਿਹਾ ਸੀ ਉਸ ਸੋਚ ਨੂੰ ਨਸ਼ਾ ਤਸਕਰ ਕਿਵੇਂ ਮਾਰ ਦੇਣਗੇ। ਅੱਜ ਪੰਜਾਬ ਬੰਦ ਸੀ ਜਿਸ ਨੂੰ ਹਰ ਪੰਜਾਬੀ ਨੇ ਸਮਰਥਨ ਦਿੱਤਾ ਹੈ ਕਿਉਂ ਕਿ ਸਾਰਾ ਪੰਜਾਬ ਅੱਜ ਨਸ਼ੇ ਰੂਪੀ ਅੱਗ ਵਿਚ ਸੜ ਰਿਹਾ ਹੈ। ਜਿਨ੍ਹਾਂ ਦੇ ਨੌਜਵਾਨ ਪੁੱਤ ਇਸ ਨਸ਼ੇ ਰੂਪੀ ਕੋਹੜ ਨੇ ਖਾ ਲਏ ਹਨ ਉਨ੍ਹਾਂ ਨੂੰ ਪੁੱਛੋ ਕੀ ਬੀਤਦੀ ਹੈ। ਇਹ ਨਸ਼ਿਆਂ ਦਾ ਵਪਾਰ ਕਰਨ ਵਾਲੇ ਇਕ ਗੱਲ ਸਮਝ ਲੈਣ ਇਹ ਜਿਹੜੀ ਅੱਗ ਉਹ ਲੋਕਾਂ ਦੇ ਘਰਾਂ ਚ ਵੰਡ ਰਹੇ ਨੇ ਇਸ ਅੱਗ ਨੇ ਇਕ ਦਿਨ ਉਨ੍ਹਾਂ ਦਾ ਘਰ ਖਾਣਾ ਹੈ ਬਚਿਆ ਉਹਨਾਂ ਤੋਂ ਵੀ ਨਹੀਂ ਜਾਣਾ ਜਿਹੜੇ ਅੱਜ ਵੱਡੀਆਂ ਕਾਰਾਂ ਤੇ ਕੋਠੀਆਂ ਚ ਇਸ ਨਸ਼ੇ ਦੀ ਕਮਾਈ ਨਾਲ ਘੁੰਮ ਰਹੇ ਹਨ। ਪਰਵਿੰਦਰ ਸਿੰਘ ਝੋਟਾ ਤਾਂ ਚਲਾ ਗਿਆ ਪਰ ਉਸ ਦੀ ਸੋਚ ਤੇ ਅੱਜ ਸਾਰਾ ਪੰਜਾਬ ਖੜਾ ਹੈ।






## ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਲੈ ਕੇ ਵਿਦਿਆਰਥੀ ਜਥੇਬੰਦੀ ਸੱਥ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੇਟ ’ਤੇ ਧਰਨਾਂ

### ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਪਹੁੰਚ ਕੇ ਵਿਦਿਆਰਥੀਆਂ ਦੇ ਸੰਘਰਸ਼ ਨੂੰ ਦਿੱਤਾ ਸਮਰਥਨ



ਅੰਮ੍ਰਿਤਸਰ, 15 ਅਕਤੂਬਰ (ਸੰਧਾ) ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਲੈ ਕੇ ਅੱਜ 15 ਅਕਤੂਬਰ ਨੂੰ ਪੰਜਾਬ ਬੰਦ ਦੇ ਦਿੱਤੇ ਗਏ ਸੱਦੇ ਦੇ ਸਮਰਥਨ ਵਿੱਚ ਵਿਦਿਆਰਥੀ ਜਥੇਬੰਦੀ ‘ਸੱਥ’ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਮੁੱਖ ਗੇਟ ’ਤੇ ਸ੍ਰ ਜਸਕਰਨ ਸਿੰਘ ਜੀਰਾ, ਸ੍ਰ ਵੰਸ਼ਦੀਪ ਸਿੰਘ ਪੱਟੀ, ਸ੍ਰ ਅਕਾਸ਼ਦੀਪ ਸਿੰਘ ਅਤੇ ਸ੍ਰ ਖੁਸ਼ਮਨਦੀਪ ਸਿੰਘ ਸਿੱਧੂ ਦੀ ਅਗਵਾਈ ਵਿੱਚ ਧਰਨਾ ਦੇ ਕੇ ਰੋਸ ਪ੍ਰਗਟ ਕੀਤਾ ਗਿਆ। ਇਸ ਧਰਨੇ ਰਾਹੀਂ ਵਿਦਿਆਰਥੀਆਂ ਨੇ ਇਨਸਾਫ਼ ਦੀ ਮੰਗ ਨੂੰ ਆਪਣੀ ਆਵਾਜ਼ ਦਿੰਦਿਆਂ ਪੰਜਾਬ ਬੰਦ ਦੇ ਸੱਦੇ ਨੂੰ ਸਫ਼ਲ ਬਣਾਉਣ ਵਿੱਚ ਯੋਗਦਾਨ ਪਾਇਆ। ਵਿਦਿਆਰਥੀ ਜਥੇਬੰਦੀ ਸੱਥ ਵੱਲੋਂ ਲਗਾਏ ਇਸ ਧਰਨੇ ਨੂੰ ਸਮਰਥਨ ਦੇਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਟੀਮ ਵੀ ਮੀਡੀਆ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਅਤੇ ਸ਼ਹਿਰੀ ਯੂਥ ਪ੍ਰਧਾਨ ਭਾਈ ਸੁਖਬੀਰ ਸਿੰਘ ਚੀਮਾਂ ਦੀ ਅਗਵਾਈ ਵਿੱਚ ਭਾਈ ਜਰਮਨਦੀਪ ਸਿੰਘ, ਭਾਈ ਗੁਰਪਾਲ ਸਿੰਘ, ਬਾਬਾ ਲਖਦੀਪ ਸਿੰਘ, ਭਾਈ ਮਹਿੰਦਰਪਾਲ ਸਿੰਘ ਤੁੰਗ, ਭਾਈ ਹਰਪ੍ਰੀਤ ਸਿੰਘ, ਭਾਈ ਜਰਨੈਲ ਸਿੰਘ ਕੋਟ ਖਾਲਸਾ, ਸ੍ਰੀ ਅਮਨ ਕੁਮਾਰ ਜੀ, ਸੰਦੀਪ ਸਿੰਘ ਗੁੰਮਟਾਲਾ ਅਤੇ ਭਾਈ ਕੁਲਵਿੰਦਰ ਸਿੰਘ ਵਡਾਲੀ ਇਸ ਮੌਕੇ ’ਤੇ ਪਹੁੰਚੇ ਅਤੇ ਧਰਨੇ ਵਿੱਚ ਬੈਠ ਕੇ ਉਨ੍ਹਾਂ ਦੇ ਸੰਘਰਸ਼ ਨਾਲ ਇਕਜੁੱਟਤਾ ਪ੍ਰਗਟਾਈ ਅਤੇ ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਦਾ ਸਮਰਥਨ ਕੀਤਾ। ਇਸ ਮੌਕੇ ਸ਼ਮਸ਼ੇਰ ਸਿੰਘ ਪੱਧਰੀ ਨੇ ਕਿਹਾ ਕਿ ਕਿਸੇ ਵੀ ਸਮਾਜ ਵਿੱਚ ਵਿਦਿਆਰਥੀਆਂ ਦੀ ਭੂਮਿਕਾ ਸਿਰਫ਼ ਵਿੱਦਿਅਕ ਸੰਸਥਾਵਾਂ ਤੱਕ ਸੀਮਤ ਨਹੀਂ ਹੁੰਦੀ, ਸਗੋਂ ਸਮਾਜਿਕ ਸਰੋਕਾਰਾਂ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਇਨਸਾਫ਼ ਦੇ ਮੁੱਦਿਆਂ ’ਤੇ ਜਾਗਰੂਕਤਾ (ਬਾਕੀ ਸਫਾ 2 ਤੇ)

## ਭਾਈ ਕੁਲਦਮਨਰੂਪ ਸਿੰਘ ਖਾਲਸਾ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ, ਨਸ਼ਿਆਂ ਖ਼ਿਲਾਫ਼ ਇਕਜੁੱਟ ਹੋਣ ਦਾ ਸੱਦਾ

### ਪਰਵਿੰਦਰ ਸਿੰਘ ਝੋਟੇ ਦੇ ਮਾਮਲੇ ’ਚ ਇਨਸਾਫ਼ ਲਈ ਖਡੂਰ ਸਾਹਿਬ ਹਲਕੇ ’ਚ ਰੋਸ ਮਾਰਚ



ਖਡੂਰ ਸਾਹਿਬ, 15 ਅਕਤੂਬਰ (ਸੰਧਾ/ਸ਼ੀਤਲ ਬਾਵਾ) ਨਸ਼ਾ ਵਿਰੋਧੀ ਮੁਹਿੰਮ ਦੇ ਆਗੂ ਪਰਵਿੰਦਰ ਸਿੰਘ ਝੋਟੇ ਦੀ ਮੌਤ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਲੈ ਕੇ ਪੰਜਾਬ ਬੰਦ ਦੇ ਸੱਦੇ ਦੌਰਾਨ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਵੱਖ-ਵੱਖ ਕਸਬਿਆਂ ਵਿੱਚ ਅਕਾਲੀ ਦਲ (ਵਾਰਿਸ ਪੰਜਾਬ ਦੇ) ਅਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਹਲਕਾ ਇੰਚਾਰਜ ਭਾਈ ਕੁਲਦਮਨਰੂਪ ਸਿੰਘ ਖਾਲਸਾ ਦੀ ਅਗਵਾਈ ਹੇਠ ਰੋਸ ਮਾਰਚ ਕੱਢੇ ਗਏ।ਭਾਈ ਕੁਲਦਮਨਰੂਪ ਸਿੰਘ ਖਾਲਸਾ ਦੀ ਅਗਵਾਈ ਹੇਠ ਖਡੂਰਸਾਹਿਬ ਤੋਂ ਆਰੰਭ ਹੋਇਆ ਰੋਸ ਮਾਰਚ ਗੋਇੰਦਵਾਲ ਸਾਹਿਬ, ਫਤਿਆਬਾਦ,ਜਾਮਾਰਾਏ, ਡੇਹਰਾ ਸਾਹਿਬ, ਚੋਹਲਾ ਸਾਹਿਬ, ਤੋਂ ਸ਼ੇਖਚੱਕ, ਕੰਗ ਕੱਲਾ ਤੋਂ ਹੁੰਦਾ ਵਾਪਸ ਖਡੂਰਸਾਹਿਬ ਵਿਖੇ ਸਮਾਪਤ ਹੋਇਆ। ਇਸ ਦੌਰਾਨ ਵੱਖ-ਵੱਖ ਪੜਾਵਾਂ ਤੇ ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਪਰਵਿੰਦਰ ਸਿੰਘ ਝੋਟੇ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਡੀਜੀਪੀ ਦਾ ਅਸਤੀਫਾ ਮੰਗਿਆਂ।ਰੋਸ ਮਾਰਚ ਦੌਰਾਨ ਬੁਲਾਰਿਆਂ ਨੇ ਪੰਜਾਬ ਵਿੱਚ ਨਸ਼ਿਆਂ ਦੇ (ਬਾਕੀ ਸਫਾ 2 ਤੇ)

## ਨੇਕਸਸ ਅੰਮ੍ਰਿਤਸਰ ਵਿੱਚ ਦੀਵਾਲੀ ਦੀ ਰੌਣਕ, ਖ਼ਾਸ ਸਜਾਵਟ ਅਤੇ ਮਨੋਰੰਜਨ ਹੋਣਗੇ ਖਿੱਚ ਦਾ ਕੇਂਦਰ



ਅੰਮ੍ਰਿਤਸਰ, 15 ਅਕਤੂਬਰ (ਪ ਪ) ਨੇਕਸਸ ਅੰਮ੍ਰਿਤਸਰ ਵਿੱਚ ਤਿਉਹਾਰਾਂ ਦੇ ਸੀਜ਼ਨ ਦਾ ਸਵਾਗਤ ਖ਼ਾਸ ਸਜਾਵਟ ਅਤੇ ਮਨੋਰੰਜਕ ਗਤੀਵਿਧੀਆਂ ਨਾਲ ਕੀਤਾ ਜਾ ਰਿਹਾ ਹੈ। ਦੀਵਾਲੀ ਦੇ ਮੌਕੇ ’ਤੇ ਮਾਲ ਨੂੰ ਰੰਗ-ਬਿਰੰਗੀਆਂ ਲਾਈਟਾਂ, ਜਗਮਗਾਉਂਦੇ ਕਮਲ ਦੇ ਫੁੱਲਾਂ ਅਤੇ ਆਕਰਸ਼ਕ ਕਲਾਕ੍ਰਿਤੀਆਂ ਨਾਲ ਸਜਾਇਆ ਗਿਆ ਹੈ, ਜਿਸ ਨਾਲ ਇੱਥੇ ਆਉਣ ਵਾਲੇ ਲੋਕਾਂ ਨੂੰ ਤਿਉਹਾਰਾਂ ਵਰਗਾ ਖ਼ੂਬਸੂਰਤ ਮਾਹੌਲ ਮਿਲੇਗਾ।ਮਾਲ ਦੇ ਬਾਹਰੀ ਹਿੱਸੇ ਨੂੰ ਸ਼ਾਨਦਾਰ ਰੌਸ਼ਨੀ ਅਤੇ ਦੀਵਾਲੀ ਨਾਲ ਸਬੰਧਤ ਖ਼ਾਸ ਡਿਜ਼ਾਈਨਾਂ ਨਾਲ ਸਜਾਇਆ ਗਿਆ ਹੈ। ਜਗਮਗਾਉਂਦੇ ਕਮਲ ਦੇ ਫੁੱਲ ਇਸ ਸਜਾਵਟ ਨੂੰ ਹੋਰ ਵੀ ਖ਼ਾਸ ਬਣਾਉਂਦੇ ਹਨ। ਮਾਲ ਦੇ ਅੰਦਰ ਵੀ ਤਿਉਹਾਰੀ ਮਾਹੌਲ ਤਿਆਰ ਕੀਤਾ ਗਿਆ ਹੈ, ਤਾਂ ਜੋ ਲੋਕ ਖ਼ਰੀਦਦਾਰੀ ਦੇ ਨਾਲ-ਨਾਲ ਪਰਿਵਾਰ ਅਤੇ ਦੋਸਤਾਂ ਨਾਲ ਖ਼ੁਸ਼ੀਆਂ ਸਾਂਝੀਆਂ ਕਰ ਸਕਣ।19 ਅਕਤੂਬਰ ਤੋਂ 8 ਨਵੰਬਰ 2026 ਤੱਕ ਚੱਲਣ ਵਾਲੇ ਦੀਵਾਲੀ ਉਤਸਵ ਦਾ ਮੁੱਖ ਆਕਰਸ਼ਣ ਵਿਸ਼ਾਲ ਪੁਸ਼ਪਕ ਵਿਮਾਨ ਹੋਵੇਗਾ। ਇਸ ਵਿਸ਼ੇਸ਼ ਸਜਾਵਟੀ ਸਥਾਪਨਾ (ਬਾਕੀ ਸਫਾ 2 ਤੇ)

ਸਫਾ 1 ਦੀ ਬਾਕੀ

## ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਲੈ ਕੇ....

ਫਤਿਹ ਟਾਈਮਜ਼ ਪੈਦਾ ਕਰਨ ਵਿੱਚ ਵੀ ਵਿਦਿਆਰਥੀ ਵਰਗ ਅਹਿਮ ਯੋਗਦਾਨ ਪਾ ਸਕਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੇਟ 'ਤੇ ਵਿਦਿਆਰਥੀਆਂ ਵੱਲੋਂ ਧਰਨਾ ਦੇਣਾ ਇਸ ਗੱਲ ਦਾ ਪ੍ਰਗਟਾਵਾ ਹੈ ਕਿ ਪੰਜਾਬ ਦੇ ਨੌਜਵਾਨ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਪ੍ਰਤੀ ਸੁਚੇਤ ਹਨ ਅਤੇ ਇਨਸਾਫ਼ ਦੀ ਮੰਗ ਨੂੰ ਆਪਣੀ ਆਵਾਜ਼ ਦੇਣਾ ਚਾਹੁੰਦੇ ਹਨ। ਇਸ ਮੌਕੇ ਤੇ ਸੱਥ ਜਥੇਬੰਦੀ ਦੇ ਆਗੂ ਸ੍ਰ ਜਸਕਰਨ ਸਿੰਘ ਜੀਰਾ ਨੇ ਕਿਹਾ ਕਿ ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਕਾਨੂੰਨ ਅਨੁਸਾਰ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਰਵਾਈ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਇਨਸਾਫ਼ ਦੀ ਮੰਗ ਨੂੰ ਗੰਭੀਰਤਾ ਨਾਲ ਸੁਣਨਾ ਅਤੇ ਪੀੜਤ ਪਰਿਵਾਰ ਨੂੰ ਨਿਆਂ ਦਿਵਾਉਣਾ ਸਰਕਾਰ ਅਤੇ ਪ੍ਰਸ਼ਾਸਨ ਦੀ ਅਹਿਮ ਜ਼ਿੰਮੇਵਾਰੀ ਹੈ। ਇਸ ਮੌਕੇ ਦੋਵੇ ਜਥੇਬੰਦੀਆਂ ਦੇ ਆਗੂਆਂ ਨੇ ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਉਭਾਰਨ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀ ਅਤੇ ਲੋਕਤੰਤਰੀ ਢੰਗ ਨਾਲ ਵਿਰੋਧ ਦਰਜ ਕਰਵਾਉਣ ਦਾ ਸੁਨੇਹਾ ਵੀ ਦਿੱਤਾ ਗਿਆ।

ਸਫਾ 1 ਦੀ ਬਾਕੀ

## ਭਾਈ ਕੁਲਦਮਨਰੂਪ ਸਿੰਘ ਖਾਲਸਾ ਦੀ ਅਗਵਾਈ ਹੇਠ ਪੰਜਾਬ ਸਰਕਾਰ.......

ਫਤਿਹ ਟਾਈਮਜ਼ ਵਧ ਰਹੇ ਪ੍ਰਭਾਵ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਨਸ਼ਿਆਂ ਕਾਰਨ ਸੂਬੇ ਦੀ ਨੌਜਵਾਨੀ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਨਸ਼ਿਆਂ ਦੇ ਖਾਤਮੇ ਲਈ ਸਰਕਾਰ ਤੋਂ ਠੋਸ ਕਾਰਵਾਈ ਅਤੇ ਜਵਾਬਦੇਹੀ ਯਕੀਨੀ ਬਣਾਉਣ ਦੀ ਮੰਗ ਕੀਤੀ। ਬੁਲਾਰਿਆਂ ਨੇ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਦੇ ਮਾਮਲੇ ਵਿੱਚ ਇਨਸਾਫ਼ ਮਿਲਣਾ ਚਾਹੀਦਾ ਹੈ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

ਭਾਈ ਕੁਲਦਮਨਰੂਪ ਸਿੰਘ ਖਾਲਸਾ ਨੇ ਕਿਹਾ ਕਿ ਇਨਸਾਫ਼ ਲਈ ਇਕਜੁੱਟ ਹੋ ਕੇ ਉੱਠੀ ਲੋਕਾਂ ਦੀ ਆਵਾਜ਼ ਸਮਾਜ ਵਿੱਚ ਵੱਡੀ ਤਬਦੀਲੀ ਲਿਆਉਣ ਦੀ ਤਾਕਤ ਰੱਖਦੀ ਹੈ। ਉਨ੍ਹਾਂ ਕਿਹਾ ਕਿ ਪਰਵਿੰਦਰ ਸਿੰਘ ਝੋਟੇ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਲੋਕਾਂ ਦੀ ਆਵਾਜ਼ ਹੈ। ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਮਾਜ ਦੇ ਹਰ ਵਰਗ ਨੂੰ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੀਆਂ ਮਾਵਾਂ ਦੇ ਪੁੱਤਾਂ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਨਸ਼ਾ ਵਿਰੋਧੀ ਮੁਹਿੰਮ ਨੂੰ ਮਜ਼ਬੂਤ ਕਰਨ ਲਈ ਇਕਜੁੱਟ ਹੋ ਕੇ ਸਾਥ ਦਿੱਤਾ ਜਾਵੇ।

ਇਸ ਮੌਕੇ ਦਲਜੀਤ ਸਿੰਘ ਸੰਮਤੀ ਮੈਂਬਰ, ਪਲਵਿੰਦਰ ਸਿੰਘ, ਇਕਬਾਲ ਸਿੰਘ, ਫੂਲਾ ਸਿੰਘ, ਰਣਜੀਤ ਸਿੰਘ, ਜਗੀਰ ਸਿੰਘ, ਕਰਤਾਰ ਸਿੰਘ, ਗੁਰ ਪ੍ਰਤਾਪ ਸਿੰਘ, ਮੁਖਤਾਰ ਸਿੰਘ, ਲਖਵਿੰਦਰ ਸਿੰਘ, ਸਰਜੀਤ ਸਿੰਘ, ਗੁਰਵੇਲ ਸਿੰਘ, ਮਨਜਿੰਦਰ ਸਿੰਘ, ਗੁਰਜੀਤ ਸਿੰਘ, ਹਰਜਿੰਦਰ ਸਿੰਘ, ਮਨਜੀਤ ਸਿੰਘ, ਗੁਰਦੇਵ ਸਿੰਘ, ਸਰਬਜੀਤ ਸਿੰਘ ਬੰਟੀ, ਅਵਤਾਰ ਸਿੰਘ, ਨਛੱਤਰ ਸਿੰਘ, ਦਵਿੰਦਰ ਸਿੰਘ ਰੰਧਾਵਾ, ਸੁਖਦੇਵ ਸਿੰਘ, ਰਵਿੰਦਰ ਸਿੰਘ ਅਤੇ ਮੰਗਲ ਸਿੰਘ ਤੋਂ ਇਲਾਵਾ ਸਰਕਲ ਇੰਚਾਰਜ ਡਾ. ਅਜਮੇਰ ਸਿੰਘ ਚੰਬਾ ਕਲਾਂ, ਗੁਰਪ੍ਰੀਤ ਸਿੰਘ ਵਲੀਪੁਰ, ਅਰਸ਼ਦੀਪ ਸਿੰਘ ਖਾਲਸਾ, ਅਵਤਾਰ ਸਿੰਘ ਗੋਇੰਦਵਾਲ ਸਾਹਿਬ, ਬਲਜਿੰਦਰ ਸਿੰਘ ਦਿਓ, ਜਰਮਨਜੀਤ ਸਿੰਘ,ਸਰਕਲ ਇੰਚਾਰਜ ਗੁਰਮੀਤ ਸਿੰਘ ਜੌਹਲ, ਰਣਜੀਤ ਸਿੰਘ ਗੋਇੰਦਵਾਲ ਸਾਹਿਬ, ਦਰਬਾਰਾ ਸਿੰਘ ਮੋਹਨਪੁਰ, ਸੁਰਜੀਤ ਸਿੰਘ ਕੋਟ ਮੁਹੰਮਦ ਖਾਂ, ਸਿਮਰਜੀਤ ਸਿੰਘ ਤੁੜ, ਡਾ. ਅਮਰਜੀਤ ਸਿੰਘ ਨਿੱਕਾ ਕੋਟ, ਧਰਮਵੀਰ ਸਿੰਘ, ਜਗਦੀਪ ਸਿੰਘ ਵੜਿੰਗ, ਪਰਮਜੀਤ ਸਿੰਘ ਵੜਿੰਗ, ਦਿਲਜੀਤ ਸਿੰਘ ਨੰਬਰਦਾਰ, ਜੋਰਾ ਸਿੰਘ ਅਤੇ ਹਰਜਿੰਦਰ ਸਿੰਘ ਹੀਰਾ ਖਡੂਰ ਸਾਹਿਬ, ਕਿਸਾਨ ਯੂਨੀਅਨ ਦੇ ਮੈਂਬਰ ਦਲਬੀਰ ਸਿੰਘ ਮਹਿਤੀਆ ਕੈਪਟਨ ਦਿਲਬਾਗ ਸਿੰਘ ਸਰਬ ਸਾਂਝੀ ਸੈਨਿਕ ਸੰਘਰਸ਼ ਕਮੇਟੀ, ਜੋਰਾ ਸਿੰਘ ਬਲੀ ਸਿੰਘ,ਸਰਦਾਰ ਹਰਜਿੰਦਰ ਸਿੰਘ ਜੀ ਰਸੂਲਪੁਰ ਨਹਿਰਾਂ ਤੋਂ ਆਪਣੇ ਸਾਥੀਆਂ ਸਮੇਤ ਕਾਫਲੇ ਚ ਸ਼ਾਮਿਲ ਹੋਏ।

ਸਫਾ 1 ਦੀ ਬਾਕੀ

## ਨੇਕਸਸ ਅੰਮ੍ਰਿਤਸਰ ਵਿੱਚ ਦੀਵਾਲੀ ਦੀ ਰੌਣਕ, ਖ਼ਾਸ ਸਜਾਵਟ ਅਤੇ ਮਨੋਰੰਜਨ.....

ਫਤਿਹ ਟਾਈਮਜ਼ ਨੂੰ ਲੋਕਾਂ ਦੇ ਖਿੱਚ ਦਾ ਕੇਂਦਰ ਬਣਾਉਣ ਦੇ ਨਾਲ-ਨਾਲ ਯਾਦਗਾਰੀ ਤਸਵੀਰਾਂ ਖਿੱਚਣ ਲਈ ਵੀ ਤਿਆਰ ਕੀਤਾ ਗਿਆ ਹੈ। ਇਸ ਤੋਂ ਇਲਾਵਾ, 14 ਅਕਤੂਬਰ ਤੋਂ 30 ਨਵੰਬਰ 2026 ਤੱਕ ਮਾਲ ਵਿੱਚ 360 ਡਿਗਰੀ ਇਮਰਸਿਵ ਡੋਮ ਦਾ ਅਨੁਭਵ ਵੀ ਮਿਲੇਗਾ। ਇਸ ਵਿੱਚ ਦਰਸ਼ਕਾਂ ਨੂੰ ਚਾਰੇ ਪਾਸੇ ਦਿਖਾਈ ਦੇਣ ਵਾਲੇ ਮਨਮੋਹਕ ਦ੍ਰਿਸ਼ਾਂ ਰਾਹੀਂ ਵੱਖ-ਵੱਖ ਦੁਨੀਆ ਦਾ ਅਨੁਭਵ ਕਰਨ ਦਾ ਮੌਕਾ ਮਿਲੇਗਾ। ਇਸ ਪਹਿਲ ਦਾ ਮਕਸਦ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਹਰ ਉਮਰ ਦੇ ਲੋਕਾਂ ਲਈ ਖ਼ਰੀਦਦਾਰੀ ਅਤੇ ਮਨੋਰੰਜਨ ਨੂੰ ਇੱਕ ਯਾਦਗਾਰੀ ਅਨੁਭਵ ਬਣਾਉਣਾ ਹੈ।

LIC ਭਾਰਤੀਯ ਜੀਵਨ ਬੀਮਾ ਨਿਗਮ LIFE INSURANCE CORPORATION OF INDIA
ਬੀਮਾ ਸੇਵਾ ਕੇਂਦਰ
ਬੱਚਿਆਂ ਲਈ ਐਜੂਕੇਸ਼ਨ ਬੀਮਾ ਪੌਲਸੀ,
ਲੜਕੀਆਂ ਲਈ ਕੰਨਿਆਦਾਨ ਪੌਲਸੀ,
ਬੁਢਾਪਾ ਪੈਨਸ਼ਨ ਸਕੀਮ,ਮਨੀ ਬੈਕ ਪੌਲਸੀ,
ਰੋਜ਼ਾਨਾ ਬਚਤ ਪੌਲਸੀ,ਕਰੋੜਪਤੀ ਸਕੀਮ।
ਡੈਥ ਕਲੇਮ,ਮਚਿਊਰਟੀ ਜਾ ਫਿਰ ਹੋਰ
ਐਲ ਆਈ ਸੀ ਸੇਵਾ ਲਈ ਸੰਪਰਕ ਕਰੋ:
ਐਸ ਐਸ ਸੰਧਾ ਮੋ:9988537575
ਅਖ਼ਬਾਰਾਂ ਵਿਚ ਨਾਮ ਬਦਲੀ,ਬੇਦਖ਼ਲੀ ਨੋਟਿਸ,ਟਿਊਬਵੈਲ
ਕੁਨੈਕਸ਼ਨ ਅਤੇ ਹੋਰ ਇਸ਼ਤਿਹਾਰ ਦੇਣ ਵੀ ਲਈ ਸੰਪਰਕ ਕਰੋ।

## ਸਵ: ਮਾਤਾ ਨਰਿੰਦਰ ਕੌਰ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ





ਫਤਿਹ ਟਾਈਮਜ਼

ਫਤਿਹਾਬਾਦ, 15 ਅਕਤੂਬਰ (ਸੰਧਾ/ਸ਼ੀਤਲ ਬਾਵਾ) ਕਿਸਾਨ ਆਗੂ ਜਗਰੂਪ ਸਿੰਘ ਵਿਰਕ ਖਵਾਸਪੁਰ ਤੇ ਉਨ੍ਹਾਂ ਦੇ ਭਰਾ ਸਰੂਪ ਸਿੰਘ ਵਿਰਕ ਜਿਨ੍ਹਾਂ ਦੇ ਸਤਿਕਾਰਯੋਗ ਮਾਤਾ ਨਰਿੰਦਰ ਕੌਰ ਵਿਰਕ ਜੋ ਕਿ ਬੀਤੇ ਦਿਨੀਂ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ ਉਨ੍ਹਾਂ ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਏ ਗਏ ਉਪਰੰਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਕਲਗੀਧਰ ਸਾਹਿਬ ਪਿੰਡ ਖਵਾਸਪੁਰ ਵਿਖੇ ਹੋਏ। ਇਸ ਮੌਕੇ ਧਾਰਮਿਕ ਦੀਵਾਨ ਦੌਰਾਨ ਰਾਗੀ ਜਥੇ ਵਲੋਂ ਵੈਰਾਗੀਮਈ ਕੀਰਤਨ ਗਾਇਣ ਕੀਤਾ ਗਿਆ। ਉਪਰੰਤ ਸ਼ਰਧਾਂਜਲੀ ਸਮਾਗਮ ਹੋਇਆ ਜਿਸ ਵਿਚ ਵੱਖ ਰਾਜਨੀਤਿਕ, ਧਾਰਮਿਕ ਅਤੇ ਕਿਸਾਨ ਜਥੇਬੰਦੀ ਦੇ ਆਗੂਆਂ ਨੇ ਮਾਤਾ ਨਰਿੰਦਰ ਕੌਰ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ ਕੀਤੀਆਂ। ਇਸ ਮੌਕੇ ਵਿਰਕ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿਚ ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ ਹਲਕਾ ਖਡੂਰ ਸਾਹਿਬ,ਜਗਰੂਪ ਸਿੰਘ ਸੰਧੂ ਸਰਪੰਚ ਖਵਾਸਪੁਰ, ਸੁਖਦੀਪ ਸਿੰਘ,ਹਰਦੀਪ ਸਿੰਘ,ਅਵਤਾਰ ਸਿੰਘ ਸੋਨੀ ਦਲਜੀਤ ਸਿੰਘ ਸੰਧੂ,ਬਾਜ ਸਿੰਘ,ਕਾਬਲ ਸਿੰਘ ਮੱਲ੍ਹੀ, ਗੁਰਪਾਲ ਸਿੰਘ ਵਿਰਕ,ਕਰਮਜੀਤ ਸਿੰਘ ਵਿਰਕ, ਕੁਲਬੀਰ ਸਿੰਘ ਵਿਰਕ,ਸਰਬਜੀਤ ਸਿੰਘ ਵਿਰਕ, ਰਸ਼ਪਾਲ ਸਿੰਘ ਵਿਰਕ,ਦਿਲਬਾਗ ਸਿੰਘ ਵਿਰਕ,ਬਾਬਾ ਸੰਤੋਖ ਸਿੰਘ,ਜੋਨ ਟਾਂਡਾ ਪ੍ਰਧਾਨ ਕੁਲਵੰਤ ਸਿੰਘ ਪ੍ਰਿਤਪਾਲ ਸਿੰਘ ਖਾਨ,ਜਵਾਰ ਸਿੰਘ ਟਾਂਡਾ,ਲੱਖਾ ਸਿੰਘ ਸੰਗਤਪੁਰ,ਕੁਲਦੀਪ ਸਿੰਘ ਵੈਈਪੂਈਂ , ਗੁਰਜੀਤ ਸਿੰਘ ਖਵਾਸਪੁਰ ਤੇ ਹੋਰ ਕਿਸਾਨ ਆਗੂ ਹਾਜਰ ਸਨ।

## ਸਪਰਸ਼ ਮਹਿਰਾ ਨੇ ਪੰਜਾਬ ਖੇਡਾਂ ਵਿੱਚ ਸੋਨ ਤਗਮਾ ਜਿੱਤ ਕੇ ਪਠਾਨਕੋਟ ਜ਼ਿਲ੍ਹੇ ਦਾ ਨਾਮ ਕੀਤਾ ਰੌਸ਼ਨ

ਫਤਿਹ ਟਾਈਮਜ਼

ਪਠਾਨਕੋਟ, 15 ਅਕਤੂਬਰ (ਪਵਨ ਸ਼ਰਮਾਂ) ਪੰਜਾਬੀ ਦੀ ਇਕ ਕਹਾਵਤ ਹੈ ਕਿ "ਇਨਸਾਨ ਦੇ ਗੁਣ ਬਚਪਨ ਵਿੱਚ ਹੀ ਨਜ਼ਰ ਆਉਣ ਲੱਗ ਪੈਂਦੇ ਹਨ" ਇਸ ਕਹਾਵਤ ਨੂੰ ਸਪਰਸ਼ ਮਹਿਰਾ ਨੇ ਸੱਚ ਕਰ ਵਿਖਾਇਆ।ਪਠਾਨਕੋਟ ਜ਼ਿਲ੍ਹੇ ਦੇ ਧਾਰ ਕਲਾਂ ਬਲਾਕ ਦੇ ਬੁੰਗਲ ਪਿੰਡ ਦੇ ਇੱਕ ਹੋਣਹਾਰ ਵਿਦਿਆਰਥੀ ਸਪਰਸ਼ ਮਹਿਰਾ ਨੇ ਆਪਣੀ ਪ੍ਰਤਿਭਾ, ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਸਦਕਾ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਸੋਨ ਤਗਮਾ ਜਿੱਤ ਕੇ ਆਪਣੇ ਮਾਪਿਆਂ, ਬੁੰਗਲ ਪਿੰਡ,ਪਠਾਨਕੋਟ ਸ਼ਹਿਰ ਅਤੇ ਆਪਣੇ ਸਕੂਲ ਲਈ ਮਾਣ ਵਧਾਇਆ ਹੈ। ਉਸਦੀ ਸ਼ਾਨਦਾਰ ਪ੍ਰਾਪਤੀ ਨੇ ਪੂਰੇ ਖੇਤਰ ਵਿੱਚ ਖੁਸ਼ੀ ਅਤੇ ਮਾਣ ਲਿਆ ਹੈ।ਕੇਐਲਐਮ ਇੰਟਰਨੈਸ਼ਨਲ ਸਕੂਲ ਪਠਾਨਕੋਟ ਦਾ ਵਿਦਿਆਰਥੀ ਸਪਰਸ਼ ਮਹਿਰਾ ਪਿਛਲੇ ਪੰਜ ਸਾਲਾਂ ਤੋਂ ਕਰਾਟੇ ਦੀ ਪੂਰੀ ਮਿਹਨਤ ਨਾਲ ਤਿਆਰੀ ਕਰ ਰਿਹਾ ਹੈ। ਖੇਡ ਪ੍ਰਤੀ ਨਿਰੰਤਰ ਅਭਿਆਸ, ਅਨੁਸ਼ਾਸਨ ਅਤੇ ਸਮਰਪਣ ਨੇ ਉਸਦੀ ਸ਼ਾਨਦਾਰ ਪ੍ਰਾਪਤੀ ਦਾ ਨਤੀਜਾ ਦਿੱਤਾ ਹੈ।ਆਪਣੀ ਜਿੱਤ ਬਾਰੇ ਬੋਲਦੇ ਹੋਏ




ਸਪਰਸ਼ ਮਹਿਰਾ ਨੇ ਆਪਣੇ ਮਾਪਿਆਂ, ਸਕੂਲ ਪ੍ਰਬੰਧਨ ਅਤੇ ਕੋਚ ਸ਼੍ਰੀ ਅਰਜੁਨ ਮਸ਼ਾਲ (ਕਰਾਟੇ ਪਲੈਨੇਟ ਪਠਾਨਕੋਟ) ਨੂੰ ਸਿਹਰਾ ਦਿੱਤਾ। ਉਸਨੇ ਕਿਹਾ ਕਿ ਉਸਦੇ ਮਾਪਿਆਂ ਦੇ ਸਮਰਥਨ, ਸਕੂਲ ਦੇ ਉਤਸ਼ਾਹ ਅਤੇ ਕੋਚ ਦੇ ਮਾਰਗਦਰਸ਼ਨ ਨੇ ਉਸਦੀ ਸਫਲਤਾ ਵਿੱਚ ਮੁੱਖ ਭੂਮਿਕਾ ਨਿਭਾਈ।

ਸਪਰਸ਼ ਮਹਿਰਾ ਦੀਆਂ ਹੋਰ ਵੱਡੀਆਂ ਪ੍ਰਾਪਤੀਆਂ ਸੋਨ ਤਗਮਾ ਜਿੱਤਣ ਤੋਂ ਇਲਾਵਾ, ਸਪਰਸ਼ ਮਹਿਰਾ ਨੇ ਕਰਾਟੇ ਦੇ ਖੇਤਰ ਵਿੱਚ ਕਈ ਹੋਰ ਪ੍ਰਾਪਤੀਆਂ ਵੀ ਹਾਸਲ ਕੀਤੀਆਂ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

KIO ਰਾਸ਼ਟਰੀ ਮੁਕਾਬਲੇ ਵਿੱਚ ਭਾਗੀਦਾਰੀ
ਰਾਸ਼ਟਰੀ ਤਗਮਾ
ਸ਼ਘਵੀ ਸਟੇਟ ਤਗਮਾ
ਓਪਨ ਸਟੇਟ ਤਗਮਾ
ਓਪਨ ਰਾਸ਼ਟਰੀ ਤਗਮਾ

ਸਪਰਸ਼ ਮਹਿਰਾ ਦੀ ਸਫਲਤਾ ਪੰਜ ਸਾਲਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਖੇਡ ਪ੍ਰਤੀ ਵਚਨਬੱਧਤਾ ਦਾ ਨਤੀਜਾ ਹੈ। ਉਸਨੇ ਸਾਬਤ ਕਰ ਦਿੱਤਾ ਹੈ ਕਿ ਜੇਕਰ ਟੀਚਾ ਸਪੱਸ਼ਟ ਹੋਵੇ ਅਤੇ ਸਖ਼ਤ ਮਿਹਨਤ ਸੱਚੇ ਦਿਲੋਂ ਕੀਤੀ ਜਾਵੇ ਤਾਂ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।ਉਸਦੇ ਮਾਤਾ-ਪਿਤਾ, ਸਕੂਲ, ਕੋਚ ਅਤੇ ਪੂਰਾ ਖੇਤਰ ਸਪਰਸ਼ ਮਹਿਰਾ ਦੀ ਸ਼ਾਨਦਾਰ ਪ੍ਰਾਪਤੀ 'ਤੇ ਮਾਣ ਕਰਦਾ ਹੈ। ਉਸਦੀ ਜਿੱਤ ਹੋਰ ਨੌਜਵਾਨ ਐਥਲੀਟਾਂ ਲਈ ਵੀ ਪ੍ਰੇਰਨਾ ਸਰੋਤ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸਪਰਸ਼ ਮੇਹਰਾ ਭਵਿੱਖ ਵਿੱਚ ਸਫਲਤਾ ਦੀਆਂ ਨਵੀਆਂ ਉਚਾਈਆਂ ਪ੍ਰਾਪਤ ਕਰਨਾ ਜਾਰੀ ਰੱਖੇਗਾ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰੇਗਾ।ਅਦਾਰਾ ਫ਼ਤਹਿ ਟਾਈਮਜ਼ ਵੱਲੋਂ ਸਪਰਸ਼ ਮਹਿਰਾ ਨੂੰ ਇਸ ਸ਼ਾਨਦਾਰ ਜਿੱਤ ਲਈ ਹਾਰਦਿਕ ਵਧਾਈਆਂ ਅਤੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ।

FT ਹੱਕ ਸੱਚ ਦੀ ਆਵਾਜ਼ ਫਤਿਹ ਟਾਈਮਜ਼ CHANNEL
ਮਿਆਰੀ ਖ਼ਬਰਾਂ ਦੇਖਣ ਲਈ fatehtimes channel ਨੂੰ ਜ਼ਰੂਰ ਸਬਸਕਰਾਈਬ ਕਰੋ।
ਫਤਿਹ ਟਾਈਮਜ਼ ਚੈਂਨਲ ਤੇ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ਮੋ; 99885-37575

Editor,Owner and Publisher Sarbjot Singh Sandha on behalf of Fateh Times online news and media company Regd:PB22000167,Published from Fateh Times H/O Mankdeka Road , Fatehabad,(Tarntaran) 143407
ਅਦਾਲਤੀ ਸ਼ਿਕਾਇਤਾਂ ਅਤੇ ਝਗੜਿਆਂ ਦਾ ਨਿਪਟਾਰਾ ਕੇਵਲ ਲੋਕਲ ਸਬ ਡਵੀਜ਼ਨ ਖਡੂਰ ਸਾਹਿਬ ਵਿਖੇ ਹੀ ਹੋਵੇਗਾ।

# ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ



ਖਡੂਰ ਸਾਹਿਬ, 15 ਅਕਤੂਬਰ (ਸੰਧਾ) ਮੁੱਖ ਮੰਤਰੀ ਭਗਵੰਤ ਮਾਨ ਤੇ ਡੀਜੀਪੀ ਪੰਜਾਬ ਦਾ ਪਿੰਡ ਤੁੜ ਵਿਖੇ ਸਾੜਿਆ ਪੁਤਲਾ ਪਰਮਿੰਦਰ ਝੋਟੇ ਦੇ ਕਤਲ ਨੂੰ ਲੈ ਕੇ ਇਸ ਸਮੇਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਮਹੂਰੀ ਕਿਸਾਨ ਸਭਾ ਦੇ ਡਾਕਟਰ ਅਮਰਜੀਤ ਸਿੰਘ ਦਿਹਾਤੀ ਮਜ਼ਦੂਰ ਸਭਾ ਦੇ ਨਛੱਤਰ ਸਿੰਘ ਸ਼ਹੀਦ ਭਗਤ ਸਿੰਘ ਨੌ ਸਭਾ ਦੇ ਖੁਸ਼ਦੀਪ ਸਿੰਘ ਭਾਰਤੀ ਇਨਕਲਾਬੀ ਮਾਰਸਵਾਦੀ ਪਾਰਟੀ ਆਰਐਮਪੀਆਈ ਜ਼ਿਲ੍ਹਾ ਸਕੱਤਰੇ ਦੇ ਮੈਂਬਰ ਸੁਲੱਖਣ ਸਿੰਘ ਤੁੜ ਇਹਨਾਂ ਆਗੂਆਂ ਨੇ ਪੁਤਲਾ ਸਾੜਨ ਸਮੇਂ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਨਿਕਲੀ ਫੂਕ ਬਾਰੇ ਗੱਲਬਾਤ ਕੀਤੀ ਆਗੂਆਂ ਨੇ ਕਿਹਾ ਨਸ਼ੇ ਦੇ ਸਾਗਰ ਤੇ ਸਮੇਂ ਸਿਰ ਕਾਰਵਾਈ ਹੋਈ ਹੁੰਦੀ ਤੇ ਅੱਜ ਪਰਮਿੰਦਰ ਝੋਟੇ ਦੀ ਜਾਨ ਨਾ ਜਾਂਦੀ ਪਿਛਲੇ ਲੰਮੇ ਸਮੇਂ ਤੋਂ ਨਸ਼ਿਆਂ ਦੇ ਖਿਲਾਫ ਬੋਲਣ ਵਾਲਾ ਪਲਵਿੰਦਰ ਝੋਟੇ ਦੀ ਆਵਾਜ਼ ਨੂੰ ਦਬਾਉਣ ਦੀ ਪੁਲਿਸ ਅਤੇ ਸਰਕਾਰ ਵੱਲੋਂ ਕੋਸ਼ਿਸਾਂ ਵੀ ਕੀਤੀਆਂ ਗਈਆਂ ਜਿਹੜੇ ਜਿਹੜੇ ਵੀ ਕਤਲ ਕਰਨ ਵਿੱਚ ਅਨਬੋਲਵ ਹਨ ਸਾਰਿਆਂ ਤੇ ਸਖਤ ਕਾਰਵਾਈ ਦੀ ਮੰਗ ਡੀਜੀਪੀ ਭਗਵੰਤ ਮਾਨ ਤਸੀਫਾ ਦੇਣ ਦੀ ਮੰਗ ਇਸ ਸਮੇਂ ਹਾਜਰ ਨਰਿੰਦਰ ਸਿੰਘ ਜੰਗ ਬਹਾਦਰ ਸਿੰਘ ਸੁਖਵੰਤ ਸਿੰਘ ਹਰ ਦਲੇਰ ਸਿੰਘ ਗੁਰਮੇਤ ਸਿੰਘ ਪਾਲ ਸਿੰਘ ਸਰਵਣ ਸਿੰਘ ਸਾਹਿਬ ਸਿੰਘ ਡਾਕਟਰ ਉਪਕਾਰ ਸਿੰਘ ਲਾਡੀ ਭਜਨ ਸਿੰਘ ਸੁਖਦੇਵ ਸਿੰਘ ਇੰਦਰ ਸਿੰਘ ਕੁਲਦੀਪ ਸਿੰਘ ਵਰਿਆਮ ਸਿੰਘ ਗੁਰਮੇਰ ਸਿੰਘ ਆਦਿ ਹਾਜ਼ਰ ਸਨ।

# ਜੋਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਆਗੂ ਪੰਜਾਬ ਬੰਦ ਦੀ ਕਾਲ ਤੇ ਅਰਥੀ ਫੂਕ ਮੁਜ਼ਾਹਰੇ 'ਚ ਹੋਏ ਸ਼ਾਮਲ



ਖਡੂਰ ਸਾਹਿਬ, 15 ਅਕਤੂਬਰ (ਸੰਧਾ) ਅੱਜ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਨਸ਼ੇ ਦੇ ਸੌਦਾਗਰਾਂ ਨਾਲ ਲੜਾਈ ਲੜਨ ਵਾਲੇ ਪਰਮਿੰਦਰ ਸਿੰਘ ਝੋਟਾ ਜਿਨ੍ਹਾਂ ਨੂੰ ਬੀਤੇ ਦਿਨੀਂ ਦਿਨ ਦਿਹਾੜੇ ਇਕ ਮੈਡੀਕਲ ਸਟੋਰ ਦੇ ਮਾਲਕ ਪੰਜਾਬ ਦੀ ਨੌਜਵਾਨੀ ਦਾ ਘਾਣ ਕਰਨ ਵਾਲੇ ਨਸ਼ਾ ਤਸਕਰ ਅਸ਼ਵਨੀ ਸ਼ਰਮਾ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਮਰਹੂਮ ਪਲਵਿੰਦਰ ਸਿੰਘ ਝੋਟਾ ਦੇ ਸਮਰਥਨ ਵਿੱਚ ਪੰਜਾਬ ਬੰਦ ਦੀ ਕਾਲ ਨੂੰ ਲੈ ਕੇ ਜੋਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜੋਨ ਪ੍ਰਧਾਨ ਜਗਜੀਤ ਸਿੰਘ ਭਲੋਜਲਾ ਅਤੇ ਜ਼ਿਲ੍ਹਾ ਤਰਨਤਾਰਨ ਦੇ ਮੀਤ ਪ੍ਰਧਾਨ ਦਿਆਲ ਸਿੰਘ ਮੀਆਂ ਵਿੰਡ ਦੀ ਅਗਵਾਈ ਹੇਠ ਇਕੱਤਰ ਹੋ ਕੇ ਟੋਲ ਪਲਾਜ਼ਾ ਉਸਮਾਂ ਵਿਖੇ ਪਹੁੰਚੇ ਇਸ ਦੀ ਜਾਣਕਾਰੀ ਜੋਨ ਪ੍ਰੈਸ ਸਕੱਤਰ ਹਰਜਿੰਦਰ ਸਿੰਘ ਘੱਗੇ ਨੇ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸਕਰੀ ਅਤੇ ਜ਼ਿਲ੍ਹਾ ਆਗੂਆਂ ਦੀ ਅਗਵਾਈ ਹੇਠ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਅਤੇ ਨਾਅਰੇਬਾਜ਼ੀ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਡੀ ਜੀ ਪੀ ਦੇ ਅਸਤੀਫੇ ਦੀ ਮੰਗ ਕੀਤੀ ਇਸ ਮੌਕੇ ਸੀਨੀਅਰ ਆਗੂ ਸਤਨਾਮ ਸਿੰਘ ਖੋਜਕੀਪੁਰ, ਸੁਖਚੈਨ ਸਿੰਘ ਦਾਰਾਪੁਰ, ਬਲਜਿੰਦਰ ਸਿੰਘ ਆਲਮਪੁਰ, ਸਾਹਿਬ ਸਿੰਘ ਨਰੋਤਮਪੁਰ, ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਸੁਖਦੇਵ ਸਿੰਘ ਬਿਹਾਰੀਪੁਰ, ਸੁਖਦੇਵ ਸਿੰਘ ਘੱਗੇ, ਜਸਵਿੰਦਰ ਸਿੰਘ ਖੋਜਕੀਪੁਰ, ਰਵਿੰਦਰ ਸਿੰਘ ਭਲੋਜਲਾ, ਜੈਕਾਰ ਸਿੰਘ ਗਗੜੇਵਾਲ, ਸਰਬਜੀਤ ਸਿੰਘ ਗਗੜੇਵਾਲ, ਹਰਜਿੰਦਰ ਸਿੰਘ ਜਲਾਲਾਬਾਦ, ਸਕੱਤਰ ਸਿੰਘ ਜਲਾਲਾਬਾਦ, ਹਰਜੀਤ ਸਿੰਘ ਹੋਠੀਆਂ, ਜੋਬਨਜੀਤ ਸਿੰਘ ਜਲਾਲਾਬਾਦ ਤੋ ਇਲਾਵਾ ਵੱਖ ਵੱਖ ਪਿੰਡਾਂ ਤੋ ਪ੍ਰਧਾਨ ਸਕੱਤਰ ਹਾਜ਼ਰ ਹੋਏ।



(M) 97819-55016
ਬਲਬੀਰ ਸਿੰਘ
ਟਾਈਫਾਈਡ, ਸਰਵਾਈਕਲ, ਲੀਵਰ ਫੈਟੀ,
ਲੱਤਾਂ ਬਾਹਵਾਂ ਦੀਆਂ ਦਰਦਾਂ ਆਦਿ ਹਰ ਬਿਮਾਰੀ
ਦਾ ਇਲਾਜ ਗਰੰਟੀ ਨਾਲ ਕੀਤਾ ਜਾਂਦਾ ਹੈ ।
ਗੋਇੰਦਵਾਲ ਰੋਡ, ਨੇੜੇ ਬੱਚੜੇ ਵਾਲੀ ਖੂਹੀ, ਤਰਨ ਤਾਰਨ


# ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮਹੀਨਾਂਵਰੀ ਮੀਟਿੰਗ ਬਾਬਾ ਬਾਠਾਂਵਾਲਾ ਮਖੂ ਵਿਖੇ ਹੋਈ

**ਸੂਬਾ ਪ੍ਰਧਾਨ ਸ੍ਰ ਫਰਮਾਨ ਸਿੰਘ ਸੰਧੂ ਵਲੋਂ ਜਸਵੰਤ ਸਿੰਘਵਾਰਸਵਾਲਾ ਜੱਟਾਂ ਨੂੰ ਜੀਰਾ ਤਹਿਸੀਲ ਦਾ ਜਨ ਸਕੱਤਰ ਨਿਯੁਕਤ ਕੀਤਾ।**



ਮਖੂ 15 ਅਕਤੂਬਰ (ਸ਼ਬੇਗ ਸਿੰਘ)– ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸ੍ਰ ਫੁਰਮਾਨ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਮਹੀਨਾਵਾਰੀ ਸੂਬਾ ਪੱਧਰੀ ਮੀਟਿੰਗ ਗੁਰਦੁਆਰਾ ਬਾਬਾ ਬਾਠਾਂ ਵਾਲਾ ਮੱਖੂ ਵਿਖੇ ਹੋਈ। ਇਸ ਮੀਟਿੰਗ ਵਿਚ ਪੂਰੇ ਪੰਜਾਬ ਤੋਂ ਜਿਲ੍ਹਿਆਂ ਦੇ ਆਗੂ,ਬਲਾਕ ਪ੍ਰਧਾਂਨ, ਇਕਾਈ ਪ੍ਰਧਾਂਨਾਂ ਤੋਂ ਇਲਾਵਾ ਬਲਾਕ ਮਖੂ ਦੇ ਕਿਸਾਨ ਵੀ ਹਾਜਰ ਸਨ। ਇਸ ਮੌਕੇ ਸੂਬਾ ਪ੍ਰਧਾਂਨ ਫੁਰਮਾਨ ਸਿੰਘ ਸੰਧੂ ਨੇ ਤਹਿਸੀਲ ਜੀਰਾ ਦਾ ਜਨ ਸਕੱਤਰ ਸਰਪੰਚ ਜਸਵੰਤ ਸਿੰਘ ਵਾਰਸਵਾਲਾ ਜੱਟਾਂ ਨੂੰ ਉਸ ਦੀਆਂ ਬੀ ਕੇ ਯੂ ਪੰਜਾਬ ਜਥੇਬੰਦੀ ਲਈ ਵਧੀਆਂ ਸੇਵਾਵਾਂ ਨੂੰ ਮੁਖ ਰੱਖ ਕੇ ਨਿਯੁਕਤ ਕੀਤਾ ਗਿਆ । ਜਨ ਸਕੱਤਰ ਪੰਜਾਬ ਭੁਪਿੰਦਰ ਸਿੰਘ ਸਿੰਘ ਨੇ ਮੀਟਿੰਗ ਨੂੰ ਸੰਬਧੋਨ ਕਰਦਿਆਂ ਦੱਸਿਆ ਸੂਬਾ ਪ੍ਰਧਾਂਨ ਸ੍ਰ ਫੁਰਮਾਨ ਸਿੰਘ ਸੰਧੂ ਨੇ ਜਥੇਬੰਦੀ ਵਾਸਤੇ ਹੁਣ ਤੱਕ ਵਧੀਆ ਸੇਵਾਵਾਂ ਨੂੰ ਮੁਖ ਰੱਖਦੇ ਹੋਏ ਜਸਵੰਤ ਸਿੰਘ ਵਾਰਸਵਾਲਾ ਜੱਟਾਂ ਨੂੰ ਤਹਿਸਲ ਜੀਰਾ ਦਾ ਜਨ ਸਕੱਤਰ ਨਿਯੁਕਤ ਕੀਤਾ ਜਾਂਦਾ ਹੈ, ਜਿਸ ਦਾ ਹਾਜਰ ਕਿਸਾਨਾਂ ਨੇ ਬਾਹਵਾਂ ਖੜ੍ਹੀਆਂ ਕਰਕੇ ਮਨਜੂਰੀ ਦਿੱਤੀ। ਜਿਸ ਦਾ ਜਸਵੰਤ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਹੁਣ ਹੋਰ ਵੀ ਤਨਦੇਹੀ ਨਾਲ ਜਥੇਬੰਦੀ ਦੀ ਸੇਵਾ ਕਰਦੇ ਰਹਿਣਗੇ। ਮੀਟਿੰਗ ਵਿਚ ਕਿਸਾਨਾਂ ਦੀਆਂ ਭੱਖਦੇ ਮਸਲੇ ਦੇ ਹੱਲ ਜਿਵੇਂ ਪਰਾਲੀ ਸਾੜਨ ਮੁੱਦੇ ਤੇ ਗੰਭੀਰਤਾ ਨਾਲ ਵਿਚਾਰ ਚਰਚਾ ਕੀਤੀ ਗਈ,ਜਥੇਬੰਦੀ ਨੇ ਐਲਾਣ ਕੀਤਾ ਕਿ 23 ਅਕਤੂਬਰ ਨੂੰ ਤਹਿਸੀਲ ਪੱਧਰ ਤੇ ਵਿਸ਼ੇਸ਼ ਮੀਟਿੰਗਾਂ ਕੀਤੀਆਂ ਜਾਣਗੀਆਂ।ਇਸ ਤੋਂ ਇਲਾਵਾ ਬਾਅਦ ਵਿਚ 27 ਅਕਤੂਬਰ ਨੂੰ ਪੰਜਾਬ ਸਰਕਾਰ ਦੇ ਸ਼ੈਸ਼ਨ ਵਿਚ ਚੱਲਣ ਵਾਲੇ ਸਦਨ ਦੇ ਅੰਦਰ ਜੇਕਰ ਸਰਕਾਰ ਨੇ ਕਿਸਾਨੀ ਮੰਗਾਂ ਜੋ ਚੰਡੀਗੜ੍ਹ 7 ਦਿਨ ਦੇ ਧਰਨੇ ਵਿਚ ਲਿਖਤੀ ਰੂਪ ਵਿਚ ਮੰਨੀਆਂ ਸਨ,ਜਥੇਬੰਦੀ ਵੱਲੋਂ ਪੰਜ ਮੈਂਬਰ ਭੇਜੇ ਜਾਣਗੇ ਜੇਕਰ ਸਰਕਾਰ ਨੇ ਮੰਗਾਂ ਦੀ ਚਰਚਾ ਨਾਂ ਕੀਤੀ ਤਾਂ ਸਰਕਾਰ ਖਿਲਾਫ ਜੋਰਦਾਰ ਨਾਹਰੇਬਾਜੀ ਕੀਤੀ ਜਾਵੇਗੀ ਤੇ ਸੰਯੁਕਤ ਮੋਰਚੇ ਦੇ ਐਲਾਣ ਮੁਤਾਬਕ ਅਗਲੀ ਰਣਨੀਤੀ ਤਹਿ ਕੀਤੀ ਜਾਵੇਗੀ।ਜਥੇਬੰਦੀ ਨੇ ਪਰਮਿੰਦਰ ਸਿੰਘ ਝੋਟੇ ਦੀ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਵੱਲੋਂ ਗੋਲੀਆਂ ਮਾਰ ਕੇ ਕਤਲ ਤੇ 4 ਹੋਰ ਵਿਅਤੀਆਂ ਨੂੰ ਜਖਮੀ ਕਰਨ ਦਾ ਗੰਭੀਰ ਨੋਟਿਸ ਲਿਆ ਤੇ ਸਖਤ ਸ਼ਬਦਾ ਵਿਚ ਨਿਖੇਧੀ ਕੀਤੀ ਹੈ। ਇਸ ਮੌਕੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਤੋਂ ਇਲਾਵਾ ਸਰਪ੍ਰਸਤ ਬਾਪੂ ਗੁਰਦੇਵ ਸਿੰਘ ਵਾਰਸ ਵਾਲਾ, ਜਨ ਸਕਤਰ ਪੰਜਾਬ ਭੁਪਿੰਦਰ ਸਿੰਘ ਔਲਖ, ਜਿਲ੍ਹਾ ਫਰੀਦ ਕੋਟ ਦੇ ਪ੍ਰਧਾਂਨ ਰਾਜਬੀਰ ਸਿੰਘ ਸੰਧਵਾ,ਮੀਤ ਪ੍ਰਧਾਂਨ ਪੰਜਾਬ ਜੋਗਿੰਦਰ ਸਿੰਘ ਸਭਰ੍ਹਾ, ਕੋਰ ਕਮੇਟੀ ਮੈਂਬਰ ਪੰਜਾਬ ਪਰਗਟ ਸਿੰਘ ਲਹਿਰਾ,ਗੁਰਵਿੰਦਰ ਸਿੰਘ ਸਿੰਘ ਢਿਲੋਂ ਐਗਜੈਕਟਿਵ ਕਮੇਟੀ ਮੈਂਬਰ ਪੰਜਾਬ , ਮੀਤ ਪ੍ਰਧਾਂਨ ਪੰਜਾਬ ਬਲਦੇਵ ਸਿੰਘ ਵਾਈਆਂ, ਸ਼ੋਸ਼ਲ ਮੀਡੀਆ ਇੰਚਾਰਜ ਪੰਜਾਬ ਦੇ ਆਗੂ ਗੈਰੀ ਸਿੰਘ ਬੰਡਾਲਾ,ਬਲਾਕ ਮਖੂ ਦੇ ਪ੍ਰਧਾਂਨ ਨਿਸ਼ਾਨ ਸਿੰਘ ਗਿੱਲ ਸ਼ੀਹਾਂ ਪਾੜੀ , ਪੱਛਮੀ ਜਿਲ੍ਹਾ ਪ੍ਰਧਾਂਨ ਗੁਰਦੀਪ ਸਿੰਘ ਰਾਏ,ਸੁਖਵੰਤ ਸਿੰਘ ਜਿਲ੍ਹਾ ਜਨਰਲ ਸਕਤਰ, ਹਰਬੰਸ ਸਿੰਘ ਜਿਲ੍ਹਾ ਪ੍ਰਧਾਂਨ ਮੋਗਾ, ਤਰਨਤਰਨ ਜਿਲ੍ਹੇ ਦੇ ਪ੍ਰਧਾਂਨ ਲਖਬੀਰ ਸਿੰਘ ਨਿਝਰ ,ਸੁਰਜੀਤ ਸਿੰਘ ਨੰਦਪੁਰ, ਤਹਿਸਲ ਮੀਤ ਪ੍ਰਧਾਂਨ ਡਾਕਟਰ ਬਲਵੰਤ ਸਿੰਘ ਸ਼ੀਹਾਂਪਾੜੀ, ਸ਼ਬੇਗ ਸਿੰਘ ਪ੍ਰੈਸ ਸਕੱਤਰ ਪੰਜਾਬ,ਸੂਰਤ ਸਿੰਘ ਬਹਿਰਾਮ ਕੇ,ਮਨਦੀਪ ਸਿੰਘ ਮੰਨਾਂ ਬਲਾਕ ਧਰਮ ਕੋਟ ,ਜਰਨੈਲ ਸਿੰਘ ਵਰ੍ਹਿਆ ਮੀਤ ਪ੍ਰਧਾਨ ਪੰਜਾਬ, ਜਿਲ੍ਹਾ ਪ੍ਰਧਾਂਨ ਸੁਰਿੰਦਰ ਸਿੰਘ ਛਿੰਦਾ ਪੀਰ ਮੁਹੰਮਦ, ਗੁਰਮੀਤ ਸਿੰਘ ਜਿਲ੍ਹਾ ਕੋਰ ਕਮੇਟੀ ਮੈਂਬਰ, ਜਿਲ੍ਹਾ ਮੀਤ ਪ੍ਰਧਾਂਨ ਕੁਲਦੀਪ ਸਿੰਘ ਕਾਲੂ ਮੰਡਾਰ, ਗੁਰਪਾਲ ਸਿੰਘ ਸਭਰ੍ਹਾ,ਕਮੇਟੀ ਮੈਂਬਰ ਮਲਕੀਤ ਸਿੰਘਰੋਡੇ , ਗੁਰਪ੍ਰੀਤ ਸਿੰਘ ਪੀਰ ਮੁਹੰਮਦ ਜਿਲ੍ਹਾ ਮੀਤ ਪ੍ਰਧਾਨ , ਰਸ਼ਪਾਲ ਸਿੰਘ,ਬਲਵਿੰਦਰ ਸਿੰਘ ,ਰਛਪਾਲ ਸਿੰਘ ਰਹੀਮੇ ਕੇ, ਸੁਖਚੈਨ ਸਿੰਘ ,ਤਹਿਸੀਲ ਜਨ ਸਕੱਤਰ ਜਸਵੰਤ ਸਿੰਘ ਵਾਰਸਵਾਲਾ ਜੱਟਾਂ, ਹਰਜੀਤ ਸਿੰਘ ਇਕਾਈ ਪ੍ਰਧਾਂਨ ,ਜਗਤਾਰ ਸਿੰਘ ਝਾਮਕੇ, ਇਕਾਈ ਪ੍ਰਧਾਂਨ ਇਕਬਾਲ ਸਿੰਘ ਕੁੱਸੂਵਾਲਾ, ਇਕਾਈ ਪ੍ਰਧਾਂਨ ਕਸ਼ਮੀਰ ਸਿੰਘ ਸੱਧਰਵਾਲਾ, ਹਬੀਬਵਾਲਾ ਫਿਰੋਜਪੁਰ ਤੋਂ ਬੀਬੀਆਂ, ਤਰਸੇਮ ਸਿੰਘ ਵਰਪਾਲਾਂ, ਅਤੇ ਹੋਰ ਬਹੁਤ ਸਾਰੇ ਕਿਸਾਨ ਤੇ ਆਗੂ ਹਾਜ਼ਰ ਸਨ।

# ਪਰਮਿੰਦਰ ਸਿੰਘ ਝੋਟਾ ਨੂੰ ਇਨਸਾਫ ਦਵਾਉਣ ਲਈ ਪੰਜਾਬ ਬੰਦ ਦੇ ਸੱਦੇ ਨੂੰ ਸਮੁੱਚੀਆਂ ਜਥੇਬੰਦੀਆਂ ਵੱਲੋਂ ਪੂਰਨ ਸਮਰਥਨ



## ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਵੱਡੇ ਰੂਪ ਵਿੱਚ ਸ਼ਮੂਲੀਅਤ, ਅੰਮ੍ਰਿਤਸਰ ਸ਼ਹਿਰ ਮੁਕੰਮਲ ਬੰਦ

ਅੰਮ੍ਰਿਤਸਰ, 15 ਅਕਤੂਬਰ (ਸੰਧਾ) ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਸ੍ਰ ਪਰਮਿੰਦਰ ਸਿੰਘ ਝੋਟਾ ਦੇ ਕਤਲ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਨੂੰ ਲੈ ਕੇ ਦਿੱਤੇ ਗਏ ਪੰਜਾਬ ਬੰਦ ਦੇ ਸੱਦੇ ਨੂੰ ਸਮੁੱਚੀਆਂ ਜਥੇਬੰਦੀਆਂ ਵੱਲੋਂ ਪੂਰਨ ਸਮਰਥਨ ਮਿਲਿਆ। ਇਸ ਸੱਦੇ ਦੇ ਤਹਿਤ ਅੰਮ੍ਰਿਤਸਰ ਸ਼ਹਿਰ ਵਿੱਚ ਮੁਕੰਮਲ ਬੰਦ ਦੇਖਣ ਨੂੰ ਮਿਲਿਆ ਅਤੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਇਨਸਾਫ਼ ਦੀ ਆਵਾਜ਼ ਨੂੰ ਬੁਲੰਦ ਕੀਤਾ। ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸਮੁੱਚੀ ਸ਼ਹਿਰੀ ਟੀਮ ਨੇ ਸੀਨੀਅਰ ਆਗੂ ਅਤੇ ਮੀਡੀਆ ਇੰਚਾਰਜ ਪੰਜਾਬ ਭਾਈ ਸ਼ਮਸ਼ੇਰ ਸਿੰਘ ਪੱਧਰੀ ਦੀ ਅਗਵਾਈ ਹੇਠ ਬੰਦ ਨੂੰ ਸਫ਼ਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਇਸ ਮੌਕੇ ਉਹਨਾਂ ਦੇ ਨਾਲ ਭਾਈ ਸੁਖਬੀਰ ਸਿੰਘ ਚੀਮਾਂ ( ਪ੍ਰਧਾਨ ਯੂਥ ਦਲ ਸ਼ਹਿਰੀ ), ਬੀਬੀ ਨਵਦੀਪ ਕੌਰ ( ਪ੍ਰਧਾਨ ਇਸਤਰੀ ਵਿੰਗ ਸ਼ਹਿਰੀ ), ਬੀਬੀ ਰਾਜਵੰਤ ਕੌਰ, ਬੀਬੀ ਰਣਜੀਤ ਕੌਰ ਰਾਣੀ, ਸ੍ਰ ਰਣਜੀਤ ਸਿੰਘ, ਸ੍ਰ ਬਲਜੀਤ ਸਿੰਘ ਚਾਟੀਵਿੰਡ, ਸ੍ਰ ਹਰਕਮਲਪ੍ਰੀਤ ਸਿੰਘ, ਭਾਈ ਜਰਮਨਦੀਪ ਸਿੰਘ, ਸ੍ਰ ਮਹਿੰਦਰਪਾਲ ਸਿੰਘ ਤੁੰਗ, ਭਾਈ ਹਰਪ੍ਰੀਤ ਸਿੰਘ, ਡਾਕਟਰ ਬਰਿੰਦਰ ਸਿੰਘ, ਭਾਈ ਪ੍ਰਗਟ ਸਿੰਘ ਮੀਰਾਂਕੋਟ, ਭਾਈ ਲਵਜੀਤ ਸਿੰਘ ਵੇਰਕਾ, ਸ੍ਰੀ ਅਮਨ ਕੁਮਾਰ, ਬਾਬਾ ਗੁਰਪਾਲ ਸਿੰਘ, ਸ੍ਰ ਜਸਪਾਲ ਸਿੰਘ, ਸ੍ਰ ਜਸਪਾਲ ਸਿੰਘ ਸਾਹਬੀ, ਸ੍ਰ ਜਰਨੈਲ ਸਿੰਘ, ਭਾਈ ਪਾਰਸ ਸਿੰਘ ਖ਼ਾਲਸਾ, ਭਾਈ ਕੁਲਵਿੰਦਰ ਸਿੰਘ ਵਡਾਲੀ, ਸ੍ਰੀ ਅੰਕੁਸ਼ ਵਾਲਮੀਕੀ, ਬਾਬਾ ਲਖਦੀਪ ਸਿੰਘ, ਸ੍ਰ ਸਰਬਜੀਤ ਸਿੰਘ ਨੌਸ਼ਹਿਰਾ, ਭਾਈ ਹਰਪ੍ਰੀਤ ਸਿੰਘ, ਸ੍ਰ ਪ੍ਰਭਜੋਤ ਸਿੰਘ, ਭਾਈ ਕੰਵਲਜੀਤ ਸਿੰਘ ਮਾਨਾਂਵਾਲਾ, ਭਾਈ ਅਜੇ ਸਿੰਘ ਜੀ, ਭਾਈ ਰਣਜੋਧ ਸਿੰਘ ਜੀ, ਭਾਈ ਲਖਵਿੰਦਰ ਸਿੰਘ ਜੀ ਅਤੇ ਵੱਡੀ ਗਿਣਤੀ ਵਿੱਚ ਵਰਕਰ ਤੇ ਆਗੂ ਸਹਿਬਾਨ ਮੌਜੂਦ ਸਨ। ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੇ ਸ਼ਹਿਰ ਵਿੱਚ ਲੋਕਾਂ ਨਾਲ ਸੰਪਰਕ ਕਰਦਿਆਂ ਪੰਜਾਬ ਬੰਦ ਦੇ ਸੱਦੇ ਨੂੰ ਭਰਵਾਂ ਸਮਰਥਨ ਦੇਣ ਦੀ ਅਪੀਲ ਕੀਤੀ। ਇਸ ਮੌਕੇ ਵੱਖ-ਵੱਖ ਆਗੂਆਂ ਨੇ ਕਿਹਾ ਕਿ ਸ੍ਰ. ਪਰਮਿੰਦਰ ਸਿੰਘ ਝੋਟਾ ਦਾ ਮਾਮਲਾ ਪੰਜਾਬ ਵਿੱਚ ਨਸ਼ਿਆਂ ਦੇ ਖ਼ਾਤਮੇ ਲਈ ਸੰਘਰਸ਼ ਕਰ ਰਹੇ ਲੋਕਾਂ ਦੀ ਸੁਰੱਖਿਆ ਨਾਲ ਜੁੜਿਆ ਇੱਕ ਗੰਭੀਰ ਮੁੱਦਾ ਹੈ। ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਮਾਮਲੇ ਵਿੱਚ ਨਿਰਪੱਖ ਜਾਂਚ ਕਰਵਾਈ ਜਾਵੇ, ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦਿਵਾਈ ਜਾਵੇ ਅਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿੱਤਾ ਜਾਵੇ। ਇਸ ਮੌਕੇ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਕਿਹਾ ਕਿ ਪੰਜਾਬ ਦੇ ਲੋਕ ਨਸ਼ਿਆਂ ਦੇ ਖ਼ਾਤਮੇ ਅਤੇ ਇਨਸਾਫ਼ ਦੀ ਪ੍ਰਾਪਤੀ ਲਈ ਇਕਜੁੱਟ ਹਨ। ਅਕਾਲੀ ਦਲ ਵਾਰਿਸ ਪੰਜਾਬ ਦੇ ਹਮੇਸ਼ਾ ਪੰਜਾਬ ਦੇ ਹੱਕਾਂ, ਲੋਕਾਂ ਦੀ ਸੁਰੱਖਿਆ ਅਤੇ ਸਮਾਜਿਕ ਬੁਰਾਈਆਂ ਵਿਰੁੱਧ ਸੰਘਰਸ਼ ਕਰਨ ਵਾਲਿਆਂ ਦੇ ਨਾਲ ਖੜ੍ਹਾ ਹੈ। ਅੰਤ ਵਿੱਚ ਪਾਰਟੀ ਦੀ ਸ਼ਹਿਰੀ ਟੀਮ ਵੱਲੋਂ ਪੰਜਾਬ ਬੰਦ ਦੇ ਸੱਦੇ ਨੂੰ ਸਮਰਥਨ ਦੇਣ ਵਾਲੀਆਂ ਸਮੁੱਚੀਆਂ ਜਥੇਬੰਦੀਆਂ, ਵਪਾਰੀਆਂ, ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਗਿਆ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਪੀੜਤ ਪਰਿਵਾਰ ਨੂੰ ਜਲਦ ਇਨਸਾਫ਼ ਦਿਵਾਉਣ ਲਈ ਠੋਸ ਕਦਮ ਚੁੱਕੇ ਜਾਣ।




# ਹਲਕਾ ਜੀਰਾ ਦੀ ਅਕਾਲੀ ਦਲ ਵਾਰਿਸ ਪੰਜਾਬ ਜਥੇਬੰਦੀ ਵਲੋਂ ਮਖੂ ਸ਼ਹਿਰ ਨੂੰ ਪੂਰੀ ਤਰਾਂ ਬੰਦ ਕਰਾਉਣ ਵਿਚ ਮਖੂ ਦੇ ਦੁਕਾਨਦਾਰਾਂ ਤੇ ਆਮ ਲੋਕਾਂ ਵਲੋਂ ਪੂਰਾ ਸਮਰਥਨ

ਫਤਿਹ ਟਾਈਮਜ਼

**ਬਜਾਰ ਮੁਕੰਮਲ ਬੰਦ ਨੂੰ ਸਫਲ ਹੁੰਗਾਰਾ ਮਿਲਿਆ - ਹਲਕਾ ਜੀਰਾ ਆਗੂ ਹਰਜਿੰਦਰ ਸਿੰਘ ਖਾਲਸਾ ਨੇ ਕੀਤਾ ਧੰਨਵਾਦ।**



ਮਖੂ, 15 ਅਕਤੂਬਰ (ਸ਼ਬੇਗ ਸਿੰਘ) "ਅਕਾਲੀ ਦਲ ਵਾਰਿਸ ਪੰਜਾਬ" ਜਥੇਬੰਦੀ ਵੱਲੋਂ ਸਮਾਜ ਸੇਵੀ ਸ੍ਰ ਪਰਮਿੰਦਰ ਸਿੰਘ ਝੋਟਾ ਦੀ ਮੌਤ ਤੇ ਉਸਦੇ ਨਾਲ 4 ਹੋਰ ਵਿਅਕਤੀਆਂ ਨੂੰ ਨਸ਼ਾ ਤਸਕਰ ਮੈਡੀਕਲ ਸਟੋਰ ਦ ਮਾਲਕ ਅਸ਼ਵਨੀ ਕੁਮਾਰ ਵੱਲੋਂ ਗੋਲੀਆਂ ਚਲਾ ਕੇ ਕਤਲ ਤੇ ਜਖਮੀ ਕਰਨ ਦੀ ਕੀਤੀ ਘਿਨਾਉਣੀ ਹਰਕਤ ਕਰਕੇ ਅੱਜ ਪੰਜਾਬ ਬੰਦ ਦੀ ਅਪੀਲ ਤੇ ਜੋ ਕਮੇਟੀ ਮਾਨਸਾ ਦੀਆ ਸਮਾਜ ਸੇਵੀ ਇਨਸਾਫ ਵੱਲੋਂ ਕੀਤੀ ਗਈ ਸੀ। ਉਸਦਾ ਅਸਰ ਪੂਰੇ ਪੰਜਾਬ ਵਿਚ ਹੋਇਆ ਅਤੇ ਪੰਜਾਬ ਬੰਦ ਸਫਲ ਰਿਹਾ ਜੋ ਮੀਡੀਆ ਰਾਹੀ ਖਬਰਾਂ ਵੀ ਆ ਰਹੀਆ ਹਨ। ਇਸ ਲੜੀ ਤਹਿਤ ਮਖੂ ਸ਼ਹਿਰ ਦੀਆਂ ਦੁਕਾਨਾ ਬੰਦ ਕਰਾਉਦ ਲਈ ਅਕਾਲੀ ਦਲ ਵਾਰਿਸ ਪੰਜਾਬ ਨੇ ਮਖੂ ਦੇ ਡਾ ਰਣਜੀਤ ਸਿੰਘ ਚੌਕ ਵਿਚ ਨੇੜੇ ਮਖੂ ਥਾਣਾ ਦੇ ਨਜਦੀਕ ਇਕੱਠੇ ਹੋ ਕੇ ਧਰਨਾ ਲਗਾਇਆ। ਇਥੇ ਗੌਰਤਲਬ ਗੱਲ ਇਹ ਹੈ ਕਿ ਪੂਰੇ ਪੰਜਾਬ ਵਿਚ ਕਿਸੇ ਨੂੰ ਅਪੀਲ ਨਹੀ ਕਰਨੀ ਪਈ ਕਿ ਤੁਸੀ ਦੁਕਾਨਾਂ ਬੰਦ ਕਰੋ। ਜਦੋਂ ਕਿ ਪੂਰ ਮਖੂ ਸ਼ਹਿਰ ਵਿਚ ਟਾਈਮ ਤੋਂ ਪਹਿਲਾਂ ਹੀ ਦੁਕਾਨਦਾਰਾਂ ਨੇ ਦੁਕਾਨਾਂ ਖੋਲ ਲਈਆਂ ਸਨ ਜੋ ਪੱਤਰਕਾਰਾ ਨੇ ਸਵੇਰੇ 10 ਵਜੇ ਤੱਕ ਆਪ ਦੇਖੀਆ ਸਨ, ਪਰ ਜਦ ਇਸ ਬਾਰੇ" ਅਕਾਲੀਦਲ ਵਾਰਿਸ ਪੰਜਾਬ"ਅਤੇ ਕੁਝ ਕਿਸਾਨ ਜਥੇਬੰਦੀਆਂ ਨੂੰ ਪਤਾ ਲੱਗਾ ਤਾ ਉਹਨਾਂ ਨੇ ਅਲਾਊਸਮੈਂਟ ਕਰਾਕੇ ਪਰਮਿੰਦਰ ਸਿੰਘ ਝੋਟੇ ਦੇ ਕਤਲ ਬਾਰੇ ਉਹਨਾ ਦੇ ਪਰਿਵਾਰ ਵੱਲੋਂ ਬੰਦ ਕਰਨ ਦੇ ਸਮਰਥਨ ਲਈ ਅਪੀਲ ਕੀਤੀ ਤਾ ਪੂਰਾ ਮਖੂ ਬਜਾਰ ਬੰਦ ਹੋ ਗਿਆ ,ਜੋ ਸ਼ਾਮ ਤੱਕ ਬੰਦ ਰਿਹਾ । ਜਿਸ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਜੀਰਾ ਹਲਕਾ ਦੇ ਆਗੂ ਹਰਜਿੰਦਰ ਸਿੰਘ ਨੇ ਦੁਕਾਨਦਾਰਾਂ ਤੇ ਆਮ ਲੋਕਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਤੇ ਅੱਗੇ ਵਾਸਤੇ ਵੀ ਕਿਸੇ ਵੀ ਅਣਹੋਣੀ ਘਟਨਾਂ ਵਾਪਰਨ ਤੇ ਜਥੇਬੰਦੀਆਂ ਦਾ ਸਾਥ ਦੇਣ ਦੀ ਅਪੀਲ ਕੀਤੀ । ਇਸ ਮੌਕੇ ਪੰਜਾਬ ਸਰਕਾਰ ਮੁਰਦਾਬਾਦ, ਨਸ਼ਿਆ ਦੇ ਵਿਓਪਾਰੀ ਮੁਰਦਾ ਬਾਦ ਸ਼ਹੀਦ ਸਮਾਜ ਸੇਵੀ ਪਰਮਿੰਦਰ ਸਿੰਘ ਝੋਟਾ ਅਮਰ ਰਹੇ ਦੇ ਨਾਹਰੇ ਲਗਾਏ ਗਏ। ਇਸ ਮੌਕੇ ਹਲਕਾ ਜੀਰਾ ਦੇ ਇੰਚਾਰਜ ਸ੍ਰ ਹਰਜਿੰਦਰ ਸਿੰਘ ਸੰਧੂ, ਕੌਮੀ ਪ੍ਰਧਾਂਨ ਲਖਵਿੰਦਰ ਸਿੰਘ ਸਰਪੰਚ ਅਰਾਂਈਆਂ ਵਾਲਾ,ਨਰਿੰਦਰ ਸਿਘ ਪ੍ਰਧਾਂਨ ਮਖੂ ਸਰਕਲ,ਸੁਖਦੇਵ ਸਿਘ ਵਿੰਝੋ ਕੇ, ਰਘਵੀਰ ਸਿੰਘ ਜੀਰਾ ਸਰਕਲ ਪ੍ਰਧਾਂਨ ,ਸਾਹਬ ਸਿੰਘ ਰਸੂਲਪੁਰ, ਬਲਵਿੰਦਰ ਸਿੰਘ ਪੱਧਰੀ,ਬਲਕਾਰ ਸਿੰਘ ਜੋਗੇਵਾਲਾ,ਸੁਖਜੀਤ ਸਿੰਘ ਮਖੂ ਸਰਕਲ,ਦਵਿੰਦਰ ਸਿੰਘ ਫੇਮੀਵਾਲਾ,,ਹਰਪਾਲ ਸਿੰਘ, ਰਵਿੰਦਰ ਸਿੰਘ ਬਾਠ, ਦਲਜੀਤ ਸਿੰਘ ਬੁੱਟਰ ਸਰਪੰਚ,ਸੁਖਜਿੰਦਰ ਸਿੰਘ ਫੌਜੀ,ਜਸਵੰਤ ਸਿੰਘ ਨਿਹੰਗ ਮਖੂ ,ਸੂਬਾ ਸਿੰਘ ਕੂਕਾ ,ਸ਼ੀਹਾਪਾੜੀ,ਗੁਰਨੇਕ ਸਿੰਘ ਖੰਨਾਂ,ਜਸਬੀਰ ਸਿੰਘ ਸਸਤੇਵਾਲੀ, ਗੁਰਨੈਬ ਸਿੰਘ ਜੱਜ ਸ਼ਾਮੇਵਾਲੀ, ਸੂਬਾ ਸਿੰਘ ਅਮੀਂਵਾਲਾ,ਅਤੇ ਹੋਰ ਬਹੁਤ ਸਾਰੇ ਵੱਖ ਵੱਖ ਜਥੇਬੰਦੀਆਂ ਦੇ ਕਿਸਾਨ ਹਾਜਰ ਸਨ।

# ਆਤਮਾ ਸਕੀਮ ਅਧੀਨ ਸਫਲ ਕਹਾਣੀ ਕਿਸਾਨ ਮੁਖਤਿਆਰ ਸਿੰਘ

ਫਤਿਹ ਟਾਈਮਜ਼



ਖਡੂਰ ਸਾਹਿਬ, 15 ਅਕਤੂਬਰ (ਸੰਧਾ) ਕਿਸਾਨ ਮੁਖਤਿਆਰ ਸਿੰਘ ਪਿੰਡ- ਮੱਲਾ ਬਲਾਕ ਖਡੂਰ ਸਾਹਿਬ ਵਿਖੇ ਕਿਸਾਨ ਦੇ ਖੇਤਾਂ ਦਾ ਦੌਰਾ ਕੀਤਾ ਗਿਆ। ਇਸ ਦੌਰਾਨ ਕਿਸਾਨ ਨੇ ਜਾਣਕਾਰੀ ਦਿੱਤੀ ਕਿ ਉਸ ਨੇ ਇੱਕ ਏਕੜ ਪੇਠੇ ਦੀ ਬਿਜਾਈ ਕੀਤੀ ਹੈ ਅਤੇ ਇਸ ਦਾ ਸੀਡ 250 ਗਮ ਪ੍ਰਤੀ ਏਕੜ ਇੰਡੀਆ ਸੀਡ ਕਾਰਪੋਰੇਸ਼ਨ ਜਲੰਧਰ ਕੋਲੋਂ ਖਰੀਦ ਕੀਤਾ ਹੈ। ਕਿਸਾਨ ਵੱਲੋਂ ਪੇਠੇ ਦਾ ਪ੍ਰਤੀ ਏਕੜ 250 ਕੁਇੰਟਲ ਝਾੜ ਦੱਸਿਆ ਗਿਆ। ਕਿਸਾਨ ਵੱਲੋਂ ਡੈਮੋਨਸਟ੍ਰੇਸ਼ਨ ਨੂੰ ਮੁੱਖ ਰੱਖਦਿਆਂ ਹੋਇਆ 1 ਏਕੜ ਬੋਨੇ ਦੀ ਫਸਲ ਦੀ ਥਾਂ ਪੇਠੇ ਦੀ ਬਿਜਾਈ ਕੀਤੀ ਹੈ ਅਤੇ ਪੇਠੇ ਦੀ ਫਸਲ ਨੂੰ ਦੋ ਗੋਡੀਆਂ ਅਜੇ ਤੱਕ ਤਿੰਨ ਪਾਣੀ ਹੀ ਲਾਏ ਹਨ। ਕਿਸਾਨ ਨੇ ਖੁਦ ਬਾਗਬਾਨੀ ਤਿਆਰ ਕੀਤੀ ਹੈ ਜਿਸ ਵਿੱਚ ਵੱਖ-ਵੱਖ ਕਿਸਮ ਦੇ ਰੁੱਖ ਜਿਵੇਂ ਪਪੀਤਾ, ਅਮਰੂਦ, ਅੰਬ, ਚਕੋਤਰਾ, ਨਿੰਬੂ, ਕਾਲੇ ਅਮਰੂਦ ਅਤੇ ਸੇਬ ਆਦਿ ਦੇ ਬੂਟੇ ਹਨ। ਇਸ ਦੌਰਾਨ ਕਿਸਾਨ ਕੋਲ ਮੱਕੀ, ਗਾਜਰਾਂ, ਬੱਕਰੀਆਂ, ਮੁਰਗੀਆਂ ਆਦਿ ਵੀ ਮੌਜੂਦ ਸਨ ਅਤੇ ਵਰਮੀ ਕੰਪੋਸਟ ਦਾ ਯੂਨਿਟ ਵੀ ਲਗਾਇਆ ਹੋਇਆ ਹੈ। ਕਿਸਾਨ ਨੇ ਮਟਰਨ ਦਾ ਬੀਜ ਖੁਦ ਤਿਆਰ ਕਰਕੇ ਇਸ ਸਾਲ ਪੰਜ ਏਕੜ ਖੇਤ ਵਿੱਚ ਬਿਜਾਈ ਕੀਤੀ ਹੈ ਅਤੇ ਬੀਜ ਦੀ ਜਰਮੀਨੇਸ਼ਨ 90 ਤੋਂ 95% ਪਾਈ ਗਈ ਹੈ। ਝੋਨੇ ਦੀ ਪਰਾਲੀ ਨੂੰ ਖੇਤੀ ਵਿੱਚ ਮਲਚਿੰਗ ਕਰਦਾ ਹੈ। ਖੇਤੀਬਾੜੀ ਦਫਤਰ ਖਡੂਰ ਸਾਹਿਬ ਤੋਂ ਸ੍ਰੀ ਸਤਨਾਮ ਸਿੰਘ ਖੇਤੀਬਾੜੀ ਸਬ ਇੰਸਪੈਕਟਰ, ਸਿਮਰਨਜੀਤ ਸਿੰਘ ਖੇਤੀਬਾੜੀ ਸਬ ਇੰਸਪੈਕਟਰ ਅਤੇ ਸ਼੍ਰੀਮਤੀ ਕਮਲਜੀਤ ਕੌਰ ਸਹਾਇਕ ਟੈਕਨੋਲੋਜੀ ਮੈਨੇਜਰ ਹਾਜ਼ਰ ਸਨ।

# ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਬਾਬਾ ਰਾਇਆ ਜੀ (ਇਕਾਈ ਲਾਲਪੁਰਾ) ਦੀ ਹੋਈ ਹੰਗਾਮੀ ਮੀਟਿੰਗ



ਫਤਿਹ ਟਾਈਮਜ਼

ਤਰਨ ਤਾਰਨ, 15 ਅਕਤੂਬਰ (ਸੰਧਾ) ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜੋਨ ਬਾਬਾ ਰਾਇਆ ਜੀ (ਇਕਾਈ ਲਾਲਪੁਰਾ)ਵੱਲੋਂ ਗੁਰੂਦਵਾਰਾ ਬਾਬਾ ਰਾਇਆਂ ਜੀ ਦੇ ਸਥਾਨ ਤੇ ਪਰਧਾਨ ਪਾਖਰ ਸਿੰਘ ਦੀ ਅਗਵਾਈ ਵਿੱਚ ਹੇਠ ਵੱਖ ਵੱਖ ਮੁੱਦਿਆਂ ਨੂੰ ਲੈਕੇ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਲੋਕ ਮੁੱਦਿਆਂ ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ ਕਿਸਾਨ ਆਗੂ ਪਾਖਰ ਸਿੰਘ ਨੇ ਕਿਹਾ ਸਰਦਾਰ ਪਰਵਿੰਦਰ ਸਿੰਘ,, ਝੋਟੇ, ਦੇ ਹੋਏ ਕਤਲ ਦੀ ਸਕਤ ਸਬਦਾ ਵਿੱਚ ਨਿੰਦਾ ਕਰਦੇ ਆ, ਜਥੇਬੰਦੀ ਵੱਲੋਂ ਮਾਨਸਾ ਚ ਚੱਲ ਰਹੇ ਮੋਰਚੇ ਦੀ ਹਿਮਾਇਤ ਕਰਦੇ ਹਾਂ, ਮੋਰਚੇ ਵੱਲੋਂ ਰੱਖੀਆਂ ਹੋਈਆਂ ਮੰਗਾ ਸਰਕਾਰ ਜਲਦੀ ਮੰਨ ਕਿ ਪਰਿਵਾਰ ਨੂੰ ਇਨਸਾਫ਼ ਦੇਵੇ ਸੇਟਰ ਸਰਕਾਰ ਵੱਲੋਂ ਐਮ ਐਸ ਪੀ ਤੇ ਕੁਝ ਰੇਟ ਫੱਸਲਾ ਤੇ ਕੀਤੇ ਵਾਧੇ ਵਿੱਚ ਕਿਸਾਨਾਂ ਨਾਲ ਮਜਾਕ ਕੀਤਾ ਗਿਆ ਹੈ,ਕਿਸਾਨ ਦਾ ਝੋਨਾ ਸਰਕਾਰੀ ਖਰੀਦ ਵਿੱਚ ਪਾਇਆ ਜਾਵੇ ਅਤੇ ਸਰਕਾਰ ਨੂੰ ਪਰਾਲੀ ਦਾ ਕੋਈ ਪੱਕਾ ਹੱਲ ਕਰਨਾ ਚਾਹੀਦਾ ਮਜ਼ਬੂਰ ਹੋਕੇ ਕਿਸਾਨਾਂ ਨੂੰ ਪਰਾਲੀ ਆਪਣੇ ਖੇਤਾਂ ਵਿੱਚ ਅੱਗ ਲਾਉਣੀ ਪੈ ਰਾਹੀਂ ਹੈ ,ਆਗੂ ਹਰਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸੈਂਟਰ ਅਤੇ ਕਾਰਪੋਰੇਟ ਘਰਾਣਿਆਂ ਦੀਆਂ ਲੋਕ ਮਾਰੂ ਨੀਤੀਆਂ ਸਾਡੇ ਪੰਜਾਬ ਦੀਆਂ ਖੇਤੀ ਯੋਗ ਜਮੀਨਾਂ ਖੋਹ ਕੇ ਅਡਾਨੀ ਅੰਬਾਨੀ ਵਰਗੇ ਸੈਂਟਰ ਦੇ ਦਲਾਲਾ ਨੂੰ ਦੇਣਾ ਦੀ ਸਾਜਿਸ਼ ਕੀਤੀ ਜਾ ਰਹੀ ਹੈ ਲਾਇਡ ਪੋਲਿਗ ਦਾ ਪੰਜਾਬ ਦੀ ਮਾਨ ਸਰਕਾਰ ਵੱਲੋਂ ਸਮਝੋਤਾ ਕਰ ਲਿਆ ਜਿਹੜਾ ਪੰਜਾਬ ਲਈ ਬਹੁਤ ਘਾਤਕ ਸਾਬਿਤ ਹੋਵੇਗਾ । ਇਹ ਮੋਕੇ ਤੇ ਪਰਿਸ ਸਕੱਤਰ ਗੁਰਸ਼ਰਨ ਸਿੰਘ, ਜਰਮਨ ਸਿੰਘ, ਲੱਖਾਂ ਸਿੰਘ ਕੁਲਦੀਪ ਸਿੰਘ ਸੁਖਬੀਰ ਸਿੰਘ ਰਛਪਾਲ ਸਿੰਘ ਦੁਰਗਾ ਸਿੰਘ, ਬੀਚਾ ਸਿੰਘ ਚਰਨਜੀਤ ਸਿੰਘ ਦਲਬੀਰ ਸਿੰਘ, ਲੱਖਾਂ ਸਿੰਘ, ਮਿਠੂ ਬਾਈ, ਕੁਲਵੰਤ ਸਿੰਘ, ਹਰਦੇਵ ਸਿੰਘ ਪਰਮਜੀਤ ਸਿੰਘ ਗੁਰਦੇਵ ਸਿੰਘ ਡੀ ਜੇ, ਗੁਰਦੇਵ ਸਿੰਘ,ਦਿਲਬਾਗ ਸਿੰਘ,ਤੇ ਆਦਿ ਆਗੂ ਹਾਜਰ ਸਨ।

# ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਹਫਤਾਵਰੀ ਮੀਟਿੰਗ ਬਾਬਾ ਬਿਧੀ ਚੰਦ ਜੀ ਸੁਰਸਿੰਘ ਵਾਲਿਆਂ ਦੇ ਗੁਰਦੁਆਰਾ ਮਖੂ ਵਿਖੇ ਹੋਈ

ਫਤਿਹ ਟਾਈਮਜ਼

**ਪਰਮਿੰਦਰ ਸਿੰਘ ਝੋਟੇ ਦੀ ਮੌਤ ਤੇ ਉਸਨੂੰ ਸ਼ਰਧਾਂਜਲੀ ਭੇਟ ਕੀਤੀ ਗਈਂ -ਸੂਬਾ ਪ੍ਰਧਾਂਨ ਸੁਖਦੇਵ ਸਿੰਘ ਅਰਾਂਈਆਵਾਲਾ**



ਮਖੂ 15 ਅਕਤੂਬਰ (ਸ਼ਬੇਗ ਸਿੰਘ) ਕਿਸਾਨ ਯੂਨੀਅਨ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਹਫਤਾਵਰੀ ਮੀਟਿੰਗ ਬਾਬਾ ਬਿਧੀ ਚੰਦ ਜੀ ਸੁਰਸਿੰਘ ਵਾਲਿਆਂ ਦੇ ਗੁਰਦੁਆਰਾ ਸਾਹਿਬ ਮਖੂ ਵਿਖੇ ਹਫਤਾਵਰੀ ਮੀਟਿੰਗ ਹੋਈ। ਜਿਸ ਵਿਚ ਸੂਬਾ ਪ੍ਰਧਾਂਨ ਸੁਖਦਵੇ ਸਿੰਘ ਅਰਾਂਈਆਂ ਵਾਲਾ ਅਤੇ ਹਾਜਰ ਕਿਸਾਨਾਂ ਨੇ ਪਰਮਿੰਦਰ ਸਿੰਘ ਝੋਟਾ ਜੋ ਨਸ਼ਿਆ ਦੇ ਖਾਤਮੇ ਲਈ ਦਿਨ ਰਾਤ ਇਕ ਕਰ ਰਿਹਾ ਸੀ ਉਸਦੀ ਨਸ਼ੀਲੀਆਂ ਦਵਾਈਆ ਵੇਚਣ ਵਾਲੇ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਵੱਲੋਂ ਗੋਲੀਆਂ ਮਾਰ ਕੇ ਕਤਲ ਤੇ 4 ਬੰਦੇ ਜਖਮੀ ਕਰ ਦਿੱਤੇ ਜਿਸ ਲਈ ਕਿਸਾਨ ਸੰਘਰਸ਼ ਕਮੇਟੀ ਪੰਜਾਬ ਨੇ ਪਰਮਿੰਦਰ ਸਿੰਘ ਝੋਟਾ ਨੂੰ 2 ਮਿੰਟ ਮੌਨ ਧਾਰ ਕੇ ਸ਼ਰਧਾਂਜਲੀ ਤੇ ਜਖਮੀਆਂ ਨੂੰ ਸਰਕਾਰ ਵੱਲੋਂ ਮੁਆਵਜੇ ਦੇ ਰੂਪ ਵਿਚ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਅਪੀਲ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੁਖਦੇਵ ਸਿੰਘ ਸੂਬਾ ਪ੍ਰਧਾਂਨ ਨੇ ਕਿਹਾ ਕਿ ਸਾਡੇ ਵੱਲੋਂ ਵੀ ਨਸ਼ਿਆ ਖਿਲਾਫ ਲੜਾਈ ਲੜੀ ਗਈ ਸੀ ,ਪਰ ਪਿੰਡਾ ਚਿ ਬਣਾਈਆ ਗਈਆਂ ਕਮੇਟੀਆਂ ਨੇ ਪੁਲੀਸ ਪ੍ਰਸ਼ਾਸ਼ਨ ਦੀ ਮਦਦ ਵੀ ਕੀਤੀ ਸੀ। ਪਰ ਪੁਲੀਸ ਨੇ ਪਿੰਡਾਂ ਵਿਚ ਬਣੀਆਂ ਕਮੇਟੀਆਂ ਦਾ ਨਸ਼ਿਆ ਵਿਰੁੱਧ ਲੜਨ ਵਾਲੀਆਂ ਕਮੇਟੀਆਂ ਦਾ ਸਾਥ ਨਹੀ ਸੀ ਦਿੱਤਾ। ਹੁਣ ਵੀ ਵੱਡੇ ਪੱਧਰ ਤੇ ਲੜਨ ਵਾਲਾ ਸ੍ਰ ਪਰਮਿੰਦਰ ਸਿੰਘ ਝੋਟਾ ਜਿਹੜਾ ਲੰਮੇਂ ਸਮੇਂ ਤੋਂ ਨਸ਼ੇ ਵੇਚਣ ਵਾਲਿਆਂ ਦੇ ਖਿਲਾਫ ਅਵਾਜ ਬੁਲੰਦ ਕਰ ਰਿਹਾ ਸੀ ਦਾ ਸਾਥ ਜੇ ਪੰਜਾਬ ਪੁਲੀਸ ਨੇ ਦਿੱਤਾ ਹੁੰਦਾਂ ਤਾ ਝੋਟਾ ਅੱਜ ਆਪਣੇ ਵਿਚ ਜਿਓਂਦਾ ਹੁੰਦਾ, ਸੂਬਾ ਪ੍ਰਧਾਂਨ ਸੁਖਦੇਵ ਸਿੰਘ ਨੇ ਕਿਹਾ ਕਿ ਜੇ ਨਸ਼ਿਆਂ ਵਿਰੁੱਧ ਲੜਨ ਵਾਲਿਆਂ ਨੂੰ ਪੰਜਾਬ ਸਰਕਾਰ ਵੱਲੋਂ ਬਿਨਾਂ ਸ਼ਰਤ ਅਸਲਾ ਲਾਇਸੰਸ ਦਿੱਤੇ ਹੁੰਦੇ ਤਾਂ ਸਾਨੂੰ ਆਪਣੀ ਹਿਫਾਜਤ ਲਈ ਕਿਸੇ ਦੇ ਮੁਥਾਜ ਨਾਂ ਹੋਣਾ ਪੈਂਦਾ । ਇਸ ਲਈ ਸਾਡੀ ਜਥੇਬੰਦੀ ਦੀ ਪੰਜਾਬ ਸਕਾਰ ਨੂੰ ਅਪੀਲ ਹੈ ਕਿ ਨਸ਼ੇ ਦੇ ਵਿਰੁੱਧ ਅਵਾਜ ਉਠਾਉਣ ਵਾਲੀਆਂ ਸਮਾਜ ਸੇਵੀ ਜਥੇਬੰਦੀਆਂ, ਪੱਤਰਕਾਰਾਂ ਤੇ ਨਸ਼ਾ ਰੋਕੂ ਕਮੇਟੀਆਂ ਨੂੰ ਬਿਨਾ ਸ਼ਰਤ ਹਥਿਆਰਾ ਦੇ ਅਸਲਾ ਲਾਇਸੰਸ ਦਿੱਤੇ ਜਾਣ ਤਾਂ ਕਿ ਅਸੀਂ ਆਪਣੀ ਹਿਫਾਜਤ ਆਪ ਕਰ ਸਕੀਏ। ਇਸ ਮੌਕੇ ਸੂਬਾ ਪ੍ਰਧਾਂਨ ਸੁਖਦੇਵ ਸਿੰਘ ਅਰਾਂਈਆਂ ਵਾਲਾ ,ਸ਼ਬੇਗ ਸਿੰਘ ਸੂਦਾਂ,ਅੰਗਰੇਜ ਸਿੰਘ ,ਨਵਤੇਜ ਸਿੰਘ,,ਸਾਹਿਬ ਸਿੰਘ ,ਕਰਮ ਸਿੰਘ ਰਸੂਲਪੁਰ,ਭੀਮ ਠੁਕਰਾਲ , ਪ੍ਰਦੀਪ ਗਰੋਵਰ, ਸੌਰਵ ਚੌਪੜਾ ਮਖੂ,ਹਰਜਿੰਦਰ ਸਿੰਘ ਖਡੂਰ, ਗੁਰਨਾਮ ਸਿੰਘ,ਮਲਕੀਤ ਸਿੰਘ ਸੂਦਾ ,ਹਰਜਿੰਦਰ ਸਿੰਘ, ਜਗਤਾਰ ਸਿੰਘ, ਲਖਵਿੰਦਰ ਸਿੰਘ ਜੱਲੇਵਾਲਾ ,ਜੁਗਰਾਜ ਸਿੰਘ , ਸ਼ਿਗਾਰਾ ਸਿੰਘ, ਮੋਚੀਵਾਲਾ ਅਤੇ ਹੋਰ ਬਹੁਤ ਸਾਰੇ ਕਿਸਾਨ ਹਾਜਰ ਸਨ।

# ਕਸਬਾ ਫਤਿਹਾਬਾਦ ਦਾ ਮੇਨ ਤੇ ਅੰਦਰਲਾ ਬਾਜ਼ਾਰ ਪੂਰੀ ਤਰ੍ਹਾਂ ਰਿਹਾ ਬੰਦ

ਫਤਿਹ ਟਾਈਮਜ਼



ਫਤਿਹਾਬਾਦ 15 ਅਕਤੂਬਰ (ਸ਼ੀਤਲ ਬਾਵਾ) ਪਰਮਿੰਦਰ ਸਿੰਘ ਝੋਟਾ ਦੇ ਦਿਨ ਦਿਹਾੜੇ ਹੋਏ ਕਤਲ ਦੇ ਵਿਰੋਧ ਵਿਚ ਫਤਿਹਾਬਾਦ ਕਸਬਾ ਮੇਨ ਤੇ ਅੰਦਰਲਾ ਬਾਜ਼ਾਰ ਪੂਰੀ ਤਰ੍ਹਾਂ ਬੰਦ ਰਿਹਾ। ਸਵੇਰੇ 6 ਵਜੇ ਤੋਂ ਹੀ ਮੇਨ ਬਾਜ਼ਾਰ ਦੀਆਂ ਸਾਰੀਆਂ ਦੁਕਾਨਾਂ ਬੰਦ ਨਜ਼ਰ ਆਈਆਂ। ਹੋਰ ਦੁਕਾਨਾਂ ਦੇ ਸ਼ਟਰ ਡਾਊਨ ਰਹੇ। ਦੁਕਾਨਦਾਰਾਂ ਨੇ ਆਪਣੇ ਆਪ ਬੰਦ ਦਾ ਸਮਰਥਨ ਕੀਤਾ ਵਪਾਰੀਆਂ ਦਾ ਕਹਿਣਾ ਕਿ ਪਰਮਿੰਦਰ ਝੋਟਾ ਇਕੱਲਾ ਨਹੀਂ ਸੀ ਲੜ ਰਿਹਾ, ਉਹ ਪੂਰੇ ਪੰਜਾਬ ਦੇ ਬੱਚਿਆਂ ਲਈ ਲੜ ਰਿਹਾ ਸੀ ਇਸੇ ਲਈ ਜਦੋਂ ਤੱਕ ਉਸ ਨੂੰ ਇਨਸਾਫ ਨਹੀਂ ਮਿਲਦਾ ਅਸੀਂ ਉਸ ਦੇ ਪਰਿਵਾਰ ਨਾਲ ਖੜੇ ਹਾਂ ਪੁਲਿਸ ਪ੍ਰਸ਼ਾਸਨ ਨੇ ਮੇਨ ਬਾਜ਼ਾਰ ਵਿੱਚ ਸ਼ਾਂਤੀ ਬਣਾਏ ਰੱਖਣ ਲਈ ਸਖ਼ਤ ਨਿਗਰਾਨੀ ਰੱਖੀ। ਹਾਲਾਂਕਿ ਐਮਰਜੰਸੀ ਸੇਵਾਵਾਂ ਜਿਵੇਂ ਮੈਡੀਕਲ ਸਟੋਰ ਹਸਪਤਾਲ ਖੁੱਲੇ ਰਹੇ ਤਾਂ ਕਿ ਜੋ ਮਰੀਜ਼ਾਂ ਨੂੰ ਕੋਈ ਦਿੱਕਤ ਨਾ ਆਵੇ ਤੇ ਸ਼ਾਮ ਤੱਕ ਸ਼ਾਂਤਮਾਈ ਰਿਹਾ।